# ਮੁਖੌਟਿਆਂ ਦੀ ਭੀੜ ਵਿੱਚ

# ਮੁਖੌਟਿਆਂ ਦੀ ਭੀੜ ਵਿੱਚ

ਦਰਸ਼ਨ “ਬੋਪਾਰਾਏ”

**ਗੌਰਕੀ ਪ੍ਰਕਾਸ਼ਨ**
ਲੁਧਿਆਣਾ

*Chumukhia Diva-Puran Kaonke*
*Edited by*
**Gurjeet Sahota**

© Author

**Rs. 150/-**

**2019**

Title & Type Setting by

**Pardeep Computers**
Contact : 7837999728
email: infomail2pc@gmail.com

Published by

**Gorki Publishers**
Ludhiana
Ph. 97819-43772, 94176-42785

*

All rights reserved. No part of this publication may be reproduced, stored in a retrieval system or transmitted in any form or by any means electronic, mechanical, photocopying, recording or otherwise without the prior written permission of both the copyright owner and the publisher of this book.

# ਸਮਰਪਣ

# ਤਤਕਰਾ

# ਆਭੂਮਿਕਾ

ਇਸ ਲਿਖ਼ਤ ਦੀ
ਭੂਮਿਕਾ ਇਹੀ ਹੈ
ਕਿ ਇਸਦੀ
ਕੋਈ ਭੂਮਿਕਾ ਨਹੀਂ
ਹੁਨਰ ਦਾ
ਕੋਈ ਦਾਅਵਾ ਨਹੀਂ
ਬੱਸ
ਇੱਕ ਪਲੇਠਾ ਪ੍ਰਯਤਨ ਹੈ
ਜੋ ਵੀ ਹੈ
ਪਾਠਕਾਂ ਦੇ
ਰੂ-ਬ-ਰੂ ਹੈ।

ਹਰ ਇੱਕ ਦੀ
ਆਪਣੀ ਤਲਾਸ਼ ਹੁੰਦੀ ਹੈ,
ਲੋੜ ਹੁੰਦੀ ਹੈ,
ਸਮਝ ਹੁੰਦੀ ਹੈ,
ਭਾਵੁਕਤਾ ਦੀ,
ਬੌਧਿਕਤਾ ਦੀ,

ਕੁੱਝ ਖੌਲਣ ਵਰਗੇ,
ਕਰਮ ਦੀ,
ਸਹਿਜ ਦੀ,
ਸਾਜਿਸ਼ਾਂ ਦੀ,
ਸੁਹਿਰਦਤਾ ਦੀ,
ਰੰਗਾਂ ਦੀ,
ਠੰਡੀਆਂ ਤੱਤੀਆਂ
ਤਰੰਗਾਂ ਦੀ,

ਇਸ ਵਿੱਚ
ਇਹ ਸਭ ਕੁਝ
ਕਿਤੇ ਹੈ ਵੀ
ਨਹੀਂ ਵੀ।

ਸੋ ਮਹਿਰਮੋਂ
ਇਹ ਜੋ ਕੁੱਝ ਵੀ ਹੈ,
ਇਹ ਮੇਰਾ ਸਵੈ ਹੈ,
ਅਤੇ
ਤੁਹਾਡੀ ਨਜ਼ਰ ਹੈ।



## ਮੁੜ ਜਾਣਾ ਅਸੀਂ

ਖਿੜਕੀ 'ਚੋਂ
ਬਾਹਰ ਤੱਕਦਿਆਂ
ਨਜ਼ਰ ਆਉਂਦੇ ਨੇ
ਜਵਾਨੀ ਦੇ ਚਿਹਰੇ
ਉਦਾਸ, ਨਿਰਾਸ਼, ਬੇਆਸ
ਦਿਸ਼ਾਹੀਣ, ਲਟਕੇ ਹੋਏ
ਲਿੱਸੇ ਲਿੱਸੇ ਤੇ
ਬੇਨੂਰ ਅੱਖਾਂ।

ਜੀ ਕਰਦਾ ਹੈ
ਉਨ੍ਹਾਂ ਨੂੰ ਰੋਕ
ਮੋਢੇ 'ਤੇ ਹੱਥ ਧਰ
ਆਖਾਂ, ਖਲੋ ਦੋ ਪਲ
ਮਨ ਨੂੰ ਫਰੋਲ
ਕੁੱਝ ਮਨ ਦਾ
ਭਾਰ ਹੌਲਾ ਕਰ।
ਜੁਆਨ ਹੋ
ਜੁਆਨੀ ਵਾਲੀ
ਉਡਾਨ ਭਰੋ।
ਅੰਬਰ ਤੁਹਾਡਾ ਹੈ
ਵਕਤ ਦੇ ਵਹਿਣ ਨੂੰ
ਆਪਣੇ ਵੱਲ ਮੋੜ।
ਜ਼ਿੰਦਗੀ ਦੀ ਅੱਖ ਵਿਚ
ਅੱਖਾਂ ਪਾ ਕੇ ਵੇਖੋ।
ਪਤਾ ਨਹੀਂ ਕਿਉਂ ?
ਸ਼ਾਇਦ ਹਵਾ ਮੂੰਹ ਜ਼ੋਰ ਹੈ
ਜਾਂ ਮੇਰਾ ਵੀ ਮਨ
ਕਮਜ਼ੋਰ ਹੈ,
ਹੌਂਸਲਾ ਹੀ ਨਹੀਂ ਪੈਂਦਾ

ਇੰਜ ਕਹਿਣ ਦਾ
ਸੋਸ਼ਲ ਮੀਡਿਆ 'ਤੇ
ਕਿਸੇ ਕੌਮੀ ਤਰਾਨੇ ਵਾਂਗ
ਇਹ ਸਤਰਾਂ ਤੈਰ ਰਹੀਆਂ ਨੇ
" ਅਸੀਂ ਤਾਂ ਜੋਬਨ ਰੁੱਤੇ ਮਰਨਾ
ਤੁਰ ਜਾਣਾ ਅਸੀਂ ਭਰੇ ਭਰਾਏ "



## ਮੰਗਤੇ

ਅਖੌਤੀ ਰਹਿਮਤਾਂ ਦਾ ਘਰ
ਕੋਈ ਵੀ ਹੋਵੇ
ਮੰਦਿਰ, ਮਸਜਿਦ ਜਾਂ ਗਰਦੁਆਰਾ
ਉਸ ਘਰ ਸਭ ਜਾਂਦੇ ਨੇ
ਝੋਲੀਆਂ ਫੈਲਾਉਣ ਲਈ
ਫਰਕ ਹੈ ਜੇ ਕੋਈ ਤਾਂ ਇਹ ਕਿ
ਰੱਜੇ ਪੁੱਜੇ ਅੰਦਰ ਜਾ ਕੇ
ਹੁੰਦੇ ਨੇ ਨਤਮਸਤਕ
ਉਂਜ ਉਹ ਹੁੰਦੇ ਨੇ
ਥੁਹੜੇ ਜਿਹੇ ਇਮਾਨਦਾਰ ਵੀ
ਮਨ 'ਤੇ ਭਾਰੂ
ਗੁਨਾਹਾਂ ਦਾ ਅਹਿਸਾਸ
ਕਰਾਉਂਦਾ ਹੈ ਨਤਮਸਤਕ
ਨੱਕ ਰਗੜਦੇ
ਪੂਜਾ ਕਰਦੇ, ਨਮਾਜ਼ਾਂ ਅਦਾ ਕਰਦੇ
ਤੇ ਫਿਰ ਫੈਲਾਉਂਦੇ ਨੇ
ਵੱਡੀਆਂ ਵੱਡੀਆਂ ਝੋਲੀਆਂ
ਹੋਰ ਮੰਗਣ ਲਈ
ਅਤੇ
ਨੰਗ ਮਲੰਗ
ਬਾਹਰ ਖੜ੍ਹੇ ਹੀ
ਖੜਕਾਉਂਦੇ ਨੇ
ਆਪਣਾ ਖਾਲੀ ਕਾਸਾ
ਦੋ ਟੁਕੜੇ ਰੋਟੀ ਲਈ।

## ਇਸ ਪਿਆਸ

" ਇਸ ਪਿਆਸ ਤੇ ਉਸ ਬਾਤ
ਵਿਚਲਾ ਫਾਸਲਾ "
ਇੱਕ ਨਿੱਕੇ ਜਿਹੇ ਸਫ਼ਰ ਦਾ ਆਗਾਜ਼,
ਮਨ 'ਚ ਬੈਠੇ ਸੁੱਚੇ ਹੋਠਾਂ ਦੇ
ਤਲਬਗਾਰ ਲਈ
ਹੋ ਨਿੱਬੜਦਾ ਹੈ,
ਇੱਕ ਅਨੰਤ ਸਫ਼ਰ,
ਰੂਹ ਦੀ ਦੌਲਤ ਤੋਂ,
ਫਕੀਰੀ ਤੱਕ ਦਾ ਸਫ਼ਰ,
ਘੂਕ ਨੀਂਦ ਤੋਂ
ਰਾਤਾਂ ਨੂੰ ਤਾਰੇ ਗਿਣਨ ਦਾ ਕਰਮ
ਅੰਬਰੀਂ ਉਡਾਰੀ ਭਰਦੇ ਕੁਕਨੂਸ ਦਾ
ਆਪਣੀ ਹੀ ਅੱਗ ਵਿੱਚ
ਭਸਮ ਹੋਣ ਦਾ ਸਫ਼ਰ
ਬੱਸ ਸ਼ਰਤ ਇੱਕੋ ਹੈ ਕਿ
" ਹੋਠਾਂ ਨੂੰ ਸੁੱਚੇ ਰੱਖਣ ਤੋਂ..
ਉਸ ਬਾਤ ਦੇ.."
ਸਫ਼ਰ ਲਈ
ਰੂਹ ਦੀ ਪਾਕੀਜ਼ਗੀ ਗਵਾਹ ਹੋਵੇ
ਅਤੇ ਤਪਦੇ ਥਲਾਂ ਦੇ ਸਫ਼ਰ ਦੀ
ਚਾਹ ਹੋਵੇ।



## ਸਮੁੰਦਰ ਅਤੇ ਬੂੰਦ

ਸਮੁੰਦਰ ਪ੍ਰਤੀਕ ਹੈ
ਮਨੁੱਖ ਦੀਆਂ ਖੌਲਦੀਆਂ ਭਾਵਨਾਵਾਂ ਦਾ।
ਗਾਥਾ ਹੈ ਸਮੁੱਚੀ ਜੀਵਨ ਧਾਰਾ ਦਾ।
ਪਰਤਾਓ ਹੈ ਪੂਰੇ ਬ੍ਰਹਿੰਮਡ ਦਾ
ਮਛਲੀਆਂ ਨੇ ਪ੍ਰਗਟਾਵਾ
ਜਨਮਦੇ, ਵਿਚਰਦੇ, ਮੌਲਦੇ, ਵਿਗਸਦੇ
ਤੇ ਵਿਨਸਦੇ ਜੀਵਨ ਦਾ।
ਬੂੰਦ ਸਫ਼ਰ ਹੈ ਪਰਮ-ਤੱਤ 'ਤੋਂ
ਉੱਠੀ ਲਹਿਰ 'ਚੋਂ
ਕ੍ਰਿਆਸ਼ੀਲ ਇਕਾਈ ਦਾ
ਜੀਵਨ ਦਾ।
ਤੇਰੀ ਮੇਰੀ ਵਿਚਰਦੀ ਹੋਂਦ ਦਾ।
ਸਮੁੰਦਰ ਨਹੀਂ ਹੈ ਤਲਬਗਾਰ ਬੂੰਦ ਦਾ
ਨਾ ਹੀ ਹੈ ਉਸਦੀ ਤਲਾਸ਼ ਵਿੱਚ।
ਇਹ ਤਾਂ ਬੂੰਦ ਦੀ ਹੋਣੀ ਹੈ ਕਿ
ਆਪਣੇ ਸਫ਼ਰ ਉਪਰੰਤ
( ਜੋ ਸੀਮਤ ਵੀ ਹੋ ਸਕਦਾ ਹੈ
ਅਤੇ ਵਿਸ਼ਾਲ ਵੀ )
ਸਮੁੰਦਰ ਵੱਲ ਪਰਤਣ ਦਾ।
ਜਲ ਵਿਚੋਂ ਉੱਠੀ ਤਰੰਗ ਦੇ
ਜਲ ਵਿੱਚ ਹੀ ਸਮਾ ਜਾਣ ਵਾਂਗ
ਚੇਤਨ ਦੇ ਅਨੰਤ ਕਰਮ ਦਾ।
ਇੱਕ ਕਰਮ ਚੱਕਰ।

## ਖਿਡੌਂਣੇ

ਖਿਡੌਣਿਆਂ ਵੇ
ਕੀ ਤੇਰੀ ਔਕਾਤ ?
ਚਾਹੇ ਖੰਡ ਦਾ ਹੋਵੇਂ
ਜਾਂ ਵਸਤ ਕਿਸੇ ਹੋਰ ਦਾ
ਤੂੰ ਤਾਂ ਬੱਸ
ਮਸੌਦਾ ਮਨ ਪਰਚਾਵੇ ਦਾ
ਪਲ ਦੋ ਪਲ ਦਾ ਸਾਥ।
ਖਿਡੌਣਿਆਂ ਵੇ
ਕੀ ਤੇਰੀ ਔਕਾਤ।

ਕਦੀ ਨੱਚੇਂ ਕਦੀ ਟੱਪੇਂ
ਕਦੀ ਬਜਾਵੇਂ ਤਾੜੀ
ਕਦੀ ਗਾਵੇਂ ਕਦੀ ਬਜਾਵੇਂ
ਕਦੀ ਲਾਵੇਂ ਉਡਾਰੀ
ਫਿਰ ਵੀ ਖਿਡੌਂਣੇ ਦਾ
ਖਿਡੌਣਾ ਤੂੰ।

ਕੀ ਤੇਰੀ ਔਕਾਤ।
ਖਿਡੌਣਿਆਂ,
ਕੀ ਤੇਰੀ ਔਕਾਤ ?



## ਕਦੀ ਫੇਰਾ ਪਾਵੀਂ

ਆਵੀਂ
ਕਦੀ ਫੇਰਾ ਪਾਵੀਂ
ਮਹਿਕਾਂ ਭਰੀ ਹਵਾ ਬਣਕੇ।

ਖੁੱਲ੍ਹੀਆਂ ਬਾਰੀਆਂ
ਬੂਹੇ ਵੀ ਖੁੱਲ੍ਹੇ,
ਵਿੱਚ ਆਣ ਖੜ੍ਹੀ ਹੈ,
ਪਿਆਸ ਮਨ ਦੀ,
ਧੜਕਣਾਂ ਦੀ ਉਡੀਕ,
ਸਾਰਥਿਕ ਹੋਣ ਦੀ ਉਮੰਗ।
ਕਿੰਨਾ ਚੰਗਾ ਹੋਵੇ,
ਜੇ ਪੜ੍ਹ ਸਕੇਂ,
ਇਨ੍ਹਾਂ ਸਤਰਾਂ ਵਿਚਕਾਰ
ਅਣਲਿਖਿਆ ਉਹ ਕੁੱਝ
ਮੇਰੇ ਸਵੈ ਵਰਗਾ,
ਜਿੱਥੇ ਤੇਰੇ ਤੋਂ ਸਿਵਾ
ਹੋਰ ਕੁੱਝ ਨਹੀਂ,
ਜਾਂ ਹੈ ਤਾਂ
ਬੱਚੇ ਦਾ ਫੁੱਲਝੜੀ ਵੇਖ
ਕਿਲਕਾਰੀ ਮਾਰਨਾ
ਜਾਂ ਵਰ੍ਹਦੇ ਮੀਂਹ ਵਿੱਚ
ਕਾਗਜ਼ ਦੀ ਕਿਸ਼ਤੀ ਬਣਾ ਤਾਰਨਾ
ਤਾੜੀ ਮਾਰ ਕੇ ਉਛੱਲਨਾਂ।
ਇੱਛਾ ਹੈ ਇੰਨੀ
ਆਵੀਂ,
ਕਦੀ ਫੇਰਾ ਪਾਵੀਂ,
ਮਹਿਕਾਂ ਭਰੀ ਹਵਾ ਬਣਕੇ
ਇੰਨਾ ਸਤਰਾਂ ਵਿਚਕਾਰ

ਅਣਲਿਖਿਆ ਪੜ੍ਹਨ ਲਈ
ਮੇਰੀ ਮੈਂ ਵਰਗਾ
ਮੇਰੇ ਸਵੈ ਵਰਗਾ
ਜਿਨ੍ਹਾਂ ਦਾ ਅਨੁਵਾਦ
ਕੋਈ ਅੱਖਰ ਜਾਂ ਸ਼ਬਦ
ਢੋਹ ਨਹੀਂ ਸਕਦੇ,
ਤੇ ਜਿੱਥੇ......।



## ਹਨੇਰੇ ਤੋਂ ਨਾ ਡਰਿਓ

ਅਸੀਂ ਸਾਰੇ ਡਰਦੇ ਹਾਂ ਹਨੇਰੇ ਤੋਂ
ਪਰ ਫਿਰ ਵੀ
ਹਨੇਰੇ ਤੋਂ ਨਿਰਾਸ਼ ਨਾ ਹੋਇਓ ਯਾਰੋ।
ਹਨੇਰਾ ਅੰਸ਼ ਹੈ
ਸਾਡੀ ਹੋਂਦ ਦਾ
ਸਾਡੇ ਜਨਮ ਤੋਂ ਪਹਿਲਾਂ
ਜੀਵਨ ਦੀ ਉਤਪਤੀ ਤੋਂ ਪਹਿਲਾਂ
ਖੰਡ ਬ੍ਰਹਿਮੰਡ ਦੀ ਸਿਰਜਣਾ ਤੋਂ ਪਹਿਲਾਂ
ਅਰਬਦ-ਨਰਬਦ ਧੰਦੂਕਾਰੇ ਦੇ,
ਹੋਂਦ ਵਿਚ ਆਉਣ ਤੋਂ ਪਹਿਲਾਂ,
ਵਕਤ ਅਤੇ ਖਿਲਾਅ ਸੰਗ
ਅਨੰਤ ਸਰੂਪ ਹਨੇਰਾ
ਹਾਜ਼ਿਰ ਸੀ
ਉਸ ਪਰਮ ਚੇਤਨ ਸੰਗ।
ਸੋ ਨਿਰਾਸ਼ ਨਾ ਹੋਇਓ ਹਨੇਰੇ ਤੋਂ,
ਚਾਹੇ
ਅਨੰਤ ਅਪਾਰ ਇਸ ਦੇ ਪਸਾਰੇ
ਨਾਲ ਨਿਭਣ ਲਈ
ਉਸ ਦੇ ਹਾਣ ਦੀ ਹਾਲੇ ਤਾਈਂ,
ਅਸੀਂ ਸਿਰਜ ਨਹੀਂ ਪਾਏ
ਵਿਸ਼ਾਲ ਚੇਤਨਾ।
ਇਹ ਵੀ ਵੱਡਾ ਸੱਚ ਹੈ
ਕਿ ਵਿਚਰਨ ਲਈ,
ਇਸ ਜੀਵਤ ਸੰਸਾਰ ਦੇ,
ਚਾਨਣ ਹੀ ਹੈ ਇਕ ਸਾਧਨ।
ਇਹ ਧਰਮ, ਇਹ ਗਿਆਨ
ਇਹ ਫਲਸਫਾ, ਇਹ ਵਿਗਿਆਨ
ਉੱਦਮ ਨੇ ਮਨੁੱਖ ਦੇ,
ਰਾਹ ਦਸੇਰੇ ਬਨਣ ਲਈ

ਚਾਨਣ ਵੰਡਣ ਲਈ।
ਫਿਰ ਵੀ ਇੰਝ ਲੱਗਦਾ ਹੈ
ਅਸੀਂ ਤੁਰਨਾ ਤਾਂ ਕੀ ਸੀ
ਇੱਕ ਦੂਜੇ ਦਾ ਦਾਮਨ
ਚਾਕ ਕਰਨ ਵਿੱਚ ਹੀ
ਮਸ਼ਗੂਲ ਹਾਂ।
ਸਰਸ਼ਾਰ ਕਰਨ ਵਾਲੀ
ਜ਼ਿੰਦਗੀ ਦਾ ਬੂਹਾ
ਹਾਲੇ ਬੜੀ ਦੂਰ ਹੈ
ਪਰ ਫਿਰ ਵੀ
ਮਾਨਵਤਾ ਦਾ ਤਕਾਜ਼ਾ ਹੈ
ਨਿਰਾਸ਼ ਨਾ ਹੋਇਓ
ਨਾ ਹਨੇਰੇ ਤੋਂ ਡਰਿਓ ਯਾਰੋ।



## ਰਾਧੇ ਨੀ ਬਉਰੀਏ

ਰਾਧੇ ਨੀ ਬਉਰੀਏ
ਬੰਸਰੀ ਦੀ ਤਾਨ ਜਿੱਡੀਏ
ਹਵਾ 'ਚ ਲਹਿਰਾਉਂਦੀ
ਸਵਰ ਲਹਿਰੀ ਜੇਹੀਏ
ਤੇਰੀਆਂ ਮਾਸੂਮ ਅੱਖਾਂ ਤਾਂ
ਸੁਪਨੇ ਵਿਚ ਵੀ
ਪਿੱਛਾ ਕਰਦੀਆਂ ਨੇ ਮੇਰਾ,
ਤੇਰੀ ਮਾਸੂਮੀਅਤ ਜਿੱਡੇ ਹੀ
ਸੁਆਲ ਕਰਦੀਆਂ ਨੇ ਕਿ
ਬੰਸਰੀ ਤੇ
ਸੁਰਾਂ ਨੂੰ
ਨਚਾਉਣ ਵਾਲੀਆਂ ਉਂਗਲਾਂ
ਮਹਾਂਭਾਰਤ ਦੇ ਮੈਦਾਨ ਵਿੱਚ
ਕਿਵੇਂ ਲਹਿਰਾ ਗਈਆਂ
ਸੁਦਰਸ਼ਨ ਚੱਕਰ।
ਕਿ ਆਪਣਿਆਂ ਦੇ ਲਹੂ ਦੀ
ਦੁਰਗੰਧ ਤਾਂ
ਜੰਗਲ 'ਚ ਚਰਦੀਆਂ
ਗਊਆਂ ਨੂੰ ਵੀ ਡੰਗ ਗਈ ਹੈ।
ਇਹ ਵੀ ਉਦਾਸ ਨੇ।
ਕ੍ਰਿਸ਼ਨ ਦੇ ਹੋਠਾਂ ਦੀ
ਮੁਸਕੁਰਾਹਟ ਆਪ ਹੀ ਬੋਲੀ
ਰਾਧੇ ਨੀ ਭੋਲ਼ੀਏ
ਜ਼ਿੰਦਗੀ
ਨਿਰੀ ਬੰਸਰੀ ਦੀ
ਸਵਰ ਲਹਿਰੀ ਹੀ ਨਹੀਂ ਹੁੰਦੀ।
ਪੋਹ ਮਾਘ ਦੀ
ਸੀਤ ਲਹਿਰ ਵੀ ਹੁੰਦੀ ਹੈ,

ਤੇ ਜੇਠ ਹਾੜ੍ਹ ਦੀ
ਤਪਦੀ ਲੂ ਵੀ।
ਇੱਕ ਮੌਸਮ ਉਹ ਵੀ ਹੁੰਦਾ ਹੈ
ਬਸੰਤ ਦਾ
ਜਦ ਜ਼ਿੰਦਗੀ ਮੌਲਦੀ ਹੈ,
ਕਰੂੰਬਲਾਂ ਫੁੱਟਦੀਆਂ ਨੇ,
ਫੁੱਲ ਖਿੜਦੇ ਨੇ
ਮਾਲੀ ਖੁਸ਼ੀ 'ਚ
ਖ਼ੀਵਾ ਹੋ ਜਾਂਦਾ ਹੈ।
ਤੇ ਉਹੀ ਮਾਲੀ ਫਿਰ
ਛਾਂਗ ਦਿੰਦਾ ਹੈ
ਉਨ੍ਹਾਂ ਹੀ ਬੂਟਿਆਂ ਨੂੰ
ਪੱਤਝੜ ਦੇ ਮੌਸਮ ਵਿੱਚ
ਤਾਂ ਕਿ ਇੱਕ ਵਾਰ ਫਿਰ
ਸੀਤ ਲਹਿਰ ਉਪਰੰਤ
ਜ਼ਿੰਦਗੀ ਮੌਲ ਸਕੇ।



## ਕੇਹੀ ਰੁੱਤ ਆਈ

ਇਹ ਕੇਹੀ ਰੁੱਤ ਆਈ ਨੀ ਮਾਏ
ਮੂੰਹ ਸਾਡੇ ਕੁਮਲਾਏ
ਰਾਹ ਹਨੇਰੇ, ਥਾਂ ਹਨੇਰੇ
ਕਲ੍ਹ ਦੀ ਕੋਈ ਥਾਹ ਨਾ ਆਏ
ਮੂੰਹ ਸਾਡੇ ਕੁਮਲਾਏ।

ਖੇਡ੍ਹਣ ਦੀ ਰੁੱਤੇ
ਬਸਤੇ ਢੋਹ-ਢੋਹ ਥੱਕੇ।
ਮੌਲਣ ਦੀ ਰੁੱਤੇ
ਸਾਹ ਘੁੱਟ ਘੁੱਟ ਜਾਏ।
ਉਡਣ ਦੀ ਰੁੱਤ ਆਈ ਜਦ
ਅੰਬਰੀਂ ਬਿਜਲੀ ਕੜਕੇ,
ਭੋਲ਼ੀ ਰੂਹ ਖ਼ਿਲਾਅ ਵਿੱਚ ਭਟਕੇ।
ਚੌਂਕ 'ਚ ਖੜ੍ਹਾ ਸਿਪਾਹੀ,
56 ਇੰਚ ਦਾ ਸੀਨਾ ਤਾਣੀ
ਲੋਕਾਂ ਨੂੰ ਲਾਰਿਆਂ ਦਾ
ਕਲੋਰੋਫਾਰਮ ਸੁੰਘਾਏ
ਰਾਹ ਕਿਸੇ ਨਾ ਪਾਏ।
ਠੁਹਕਰ ਖਾ ਹੋਸ਼ ਜਦ ਆਏ
ਰਾਹ ਹਨੇਰੇ , ਥਾਂ ਹਨੇਰੇ
ਕੱਲ੍ਹ ਦੀ ਕੋਈ ਥਾਹ ਨਾ ਆਏ
ਇਹ ਕੇਹੀ ਰੁੱਤ ਆਈ ਨੀ ਮਾਏ
ਮੂੰਹ ਸਾਡੇ ਕੁਮਲਾਏ।

## ਬੇਦਰਦ ਹਵਾ

ਹਵਾ ਬੜੀ ਬੇਦਰਦ ਸੀ
ਸਭ ਕੁੱਝ ਉਡਾ ਕੇ ਲੈ ਗਈ
ਬਚਿਆ ਹੀ ਕੁੱਝ ਨਹੀਂ।
ਸਮਝ ਨਹੀਂ ਆਉਂਦੀ
ਕਿ ਕੀ ਕਹਾਂ।
ਬੇਪਰਦ ਹੋ ਗਿਆ ਹਾਂ,
ਜਾਂ ਨਿਰੋਲ ਸ਼ੁੱਧ,
ਜਾਂ ਸਾਰੇ ਪਰਦੇ ਲਹਿ ਗਏ ਨੇ।

ਚੁੱਪ ਹਾਂ,
ਚੰਗਾ ਇਹ ਹੀ ਹੈ
ਕਿ ਮੇਰੀ ਨਾਸਮਝੀ
ਨਸ਼ਰ ਹੀ ਨਾ ਹੋਵੇ
ਤੇ ਇੱਜਤ ਬਚੀ ਰਹੇ
ਉਂਜ
ਹਵਾ ਬੜੀ ਬੇਦਰਦ ਸੀ
ਸਭ ਕੁੱਝ ਉਡਾ ਕੇ ਲੈ ਗਈ
ਬਚਿਆ ਹੀ ਕੁੱਝ ਨਹੀਂ।



## ਆਸਮਾਨ

ਸ਼ਾਇਦ ਸੱਚ ਕਿਹਾ ਕਿਸੇ ਨੇ
ਕਿ ਨਸੀਬ ਨਹੀਂ ਹੁੰਦਾ
ਹਰ ਇੱਕ ਨੂੰ
ਪੂਰਾ ਆਸਮਾਨ
ਉਡਾਰੀ ਭਰਨ ਲਈ।
ਨਾ ਹੀ ਨਸੀਬ ਹੁੰਦੀ ਹੈ
ਮੁਨਾਸਿਬ ਜ਼ਮੀਨ
ਹਰ ਇੱਕ ਨੂੰ
ਪੈਰ ਟਿਕਾਉਣ ਲਈ।
ਇਹ ਤਾਂ
ਸਿਦਕ ਸਿਰੜ ਅਤੇ
ਉੱਦਮ ਹੀ ਹੈ
ਜੋ
ਮਨੁੱਖ ਭਾਰੂ ਪੈ ਜਾਂਦਾ ਹੈ
ਹਾਲਾਤਾਂ 'ਤੇ
ਤਲਾਸ਼ ਹੀ ਲੈਂਦਾ ਹੈ
ਰਾਹ ਆਪਣੇ।
ਸਿਰਜ ਲੈਂਦਾ ਹੈ
ਸੁਪਨੇ ਆਪਣੇ।
ਉਂਜ ਨਸੀਬ ਨਹੀਂ ਹੁੰਦਾ
ਹਰ ਇੱਕ ਨੂੰ
ਪੂਰਾ ਆਸਮਾਨ।

## ਤਪਿਸ਼ ਬਹੁਤ ਹੈ

ਸੜਕਾਂ 'ਤੇ ਤਪਿਸ਼ ਬਹੁਤ ਹੈ
ਭੀੜ ਵੀ ਬਹੁਤ ਹੈ
ਇੱਥੇ ਕੋਈ ਕਿਸੇ ਦੀ
ਉਂਗਲ ਨਹੀਂ ਫੜਦਾ
ਤੁਰਨਾ ਪੈਂਦਾ ਹੈ
ਆਪਣੇ ਹੀ ਦਮ 'ਤੇ
ਆਪਣੇ ਹੀ ਹੌਂਸਲੇ
ਆਪਣੇ ਕਦਮੀਂ।
ਦੂਰ ਤੱਕ ਵੀ ਨਾਤਾ ਨਹੀਂ
ਸਾਡੇ ਸੜਦੇ ਪੈਰਾਂ ਦਾ
ਸਬਜ਼ ਬਾਗਾਂ ਨਾਲ।
ਮਾਰੂਥਲੀ ਧੁੱਪਾਂ ਪਰਚਾਉਂਦੇ
ਆਸਾਂ, ਉਮੀਦਾਂ ਤੇ ਸੁਪਨਿਆਂ ਦੇ
ਪ੍ਰਛਾਵਿਆਂ ਨਾਲ
ਜੀ ਪਰਚਾਉਂਦੇ,
ਕੁੱਝ ਥੱਕ ਗਏ ਹਾਂ,
ਉਂਜ
ਹਾਰੇ ਨਹੀਂ ਹਾਂ।

ਬੱਸ ਕਿਤੋਂ ਆਵਾਜ਼ ਦੇ
ਐ ਜ਼ਿੰਦਗੀ
ਆਪਣੇ ਹੋਣ ਦਾ
ਅਹਿਸਾਸ ਤਾਂ ਜਤਾ।
ਅੱਪੜ ਹੀ ਜਾਵਾਂਗੇ
ਤੇਰੇ ਦੁਆਰੇ।
ਉਂਜ
ਸੜਕਾਂ 'ਤੇ ਤਪਿਸ਼ ਬਹੁਤ ਹੈ
ਭੀੜ ਵੀ ਬਹੁਤ ਹੈ।



## ਇਨਕਲਾਬ

ਇਨਕਲਾਬ
ਤਾਂ ਉਂਜ ਵੀ ਬਣ ਗਿਆ ਹੈ
ਮਜ਼ਾਕ।
ਗੱਲਾਂ ਚਾਹੇ
ਸੋਫਿਆਂ ਤੇ ਬੈਠ ਕੇ ਕਰੀਏ
ਜਾਂ ਪੀਹੜੀ 'ਤੇ
ਜਾਂ ਫਿਰ
ਗਲੀਆਂ ਵਿੱਚ ਨਾਹਰੇ ਮਾਰਕੇ,
ਇਨਕਲਾਬ ਤਾਂ ਵਿਚਾਰਾ
ਚੌਰਾਹੇ ਵਿੱਚ ਬੈਠਾ ਹੈ
ਯਤੀਮਾਂ ਦੇ ਵਾਂਗ..।
ਸ਼ਾਇਦ
ਕੋਈ ਮਾਂ ਦਾ ਲਾਲ
.........

ਉਠਾਲ ਕੇ
ਤੁਰ ਪਏ
ਮੰਜਿਲ ਵੱਲ।

## ਮੁਖੌਟਿਆਂ ਦੀ ਭੀੜ ਵਿੱਚ

ਮੁਖੌਟਿਆਂ ਦੀ ਇਸ ਭੀੜ ਵਿੱਚ
ਬੜੇ ਰੰਗ ਪੇਸ਼ ਆਉਂਦੇ ਨੇ।
ਦਿਲ ਦੀ ਗੱਲ ਤਾਂ
ਕਈ ਵਾਰ
ਸਾਹਾਂ ਤੋਂ ਵੀ ਲੁਕੋਣੀ ਪੈਂਦੀ ਹੈ
ਜ਼ਿੰਦਗੀ ਦੀਆਂ ਗਲੀਆਂ ਵਿੱਚ
ਵਿਚਰਦਿਆਂ
ਪ੍ਰਛਾਵਿਆਂ ਤੋਂ ਵੀ
ਬਚਾਉਣਾ ਪੈਂਦਾ ਹੈ
ਦਾਮਨ ਆਪਣਾ।
ਬੁੱਲ੍ਹਾਂ ਵਿੱਚ ਹੀ ਘੁੱਟਣਾ ਪੈਂਦਾ ਹੈ
ਹਾਵਿਆਂ ਨੂੰ।
ਆਪ ਹੀ ਹੁੰਢਾਉਣੀ ਪੈਂਦੀ ਹੈ
ਆਪਣੀ ਇਕੱਲਤਾ।
ਆਪਣਾ ਭਾਰ
ਆਪ ਹੀ ਢੋਣਾ ਪੈਂਦਾ ਹੈ
ਮੁਖੌਟਿਆਂ ਦੀ ਇਸ ਭੀੜ ਵਿੱਚ।



## ਉਹ ਸਮਝ ਗਈ ਹੈ

ਹੈਰਾਨ ਨਾ ਹੋਣਾ
ਇਹ ਸੋਚ ਕੇ
ਕਿ ਉਸਦੀਆਂ ਚਮਕਦੀਆਂ ਅੱਖਾਂ 'ਚ
ਉਦਾਸੀ ਦੇ ਬੱਦਲ ਕਿਉਂ
ਘੁਲਦੇ ਜਾ ਰਹੇ ਨੇ।

ਕਿੰਨੀ ਜਿਉਣ ਦੀ ਤਮੰਨਾ
ਉਸ ਅੰਦਰ ਅੰਗੜਾਈ ਲੈਂਦੀ ਸੀ।
ਕੁੱਝ ਕਰਨ ਦੀ ਚਾਹ ਸੀ ਉਸ ਅੰਦਰ।
ਚਿੜੀਆਂ ਦੀ ਤਰ੍ਹਾਂ
ਹਵਾ 'ਚ ਪਰ ਖਿਲਾਰਦੀ
ਤੋਲਦੀ
ਨਿੱਕੀਆਂ-ਨਿੱਕੀਆਂ ਉਡਾਰੀਆਂ ਲਾਉਂਦੀ
ਚੀਂ-ਚੀਂ ਦੇ ਮਾਸੂਮ ਜਿਹੇ
ਗੀਤ ਗਾਉਂਦੀ।

ਆਸੇ ਪਾਸੇ ਘੂਰਦੀਆਂ
ਕਾਵਾਂ ਦੀਆਂ ਅੱਖਾਂ
ਉਸਨੂੰ ਚੰਗੀਆਂ ਨਾ ਲੱਗਦੀਆਂ
ਬੇਚੈਨ ਜਿਹੀ ਹੁੰਦੀ
ਪਰ ਅਗਲੇ ਹੀ ਪਲ
ਉਸ ਦੀ ਮਾਸੂਮੀਅਤ
ਉਹ ਫਿਰ ਚੀਂ-ਚੀਂ ਕਰਦੀ
ਕਿਲਕਾਰੀਆਂ ਵਰਗੇ ਗੀਤ ਗਾਉਂਦੀ
ਪਰ ਫੈਲਾਉਂਦੀ
ਨਿੱਕੀ-ਨਿੱਕੀ ਉਡਾਰੀ ਲਾਉਂਦੀ

ਪਰ ਅਚਾਨਕ ਇਹ ਕੀ ਹੋ ਗਿਆ

ਉਹ ਹੁਣ ਚੁੱਪ ਹੈ,
ਖਾਮੋਸ਼ ਹੈ,
ਨਾ ਉਹ ਚੀਂ-ਚੀਂ ਦੇ ਗੀਤ ਗਾਉਂਦੀ ਹੈ
ਨਾ ਕਲੋਲ ਕਰਦੀ ਹੈ
ਨਾ ਉਡਾਰੀ ਲਾਉਂਦੀ ਹੈ
ਉਸਦੀਆਂ ਚਮਕਦੀਆਂ ਅੱਖਾਂ 'ਚ
ਕੁੱਝ ਉਦਾਸੀ ਦੇ ਬੱਦਲ
ਘੁਲਦੇ ਜਾ ਰਹੇ ਨੇ।

ਕਹਿੰਦੇ ਨੇ
ਉਸਨੇ ਆਪਣੀ ਮਾਂ ਦੀ
ਸਿਆਣੀ ਨਸੀਹਤ ਮੰਨ ਲਈ ਹੈ।
ਉਹ ਸ਼ਾਂਤ ਹੈ।
ਉਹ ਚੁੱਪ ਹੈ।
ਉਹ ਸਮਝ ਗਈ ਹੈ।
ਕਿ ਉਹ ਹੁਣ
ਮਾਸੂਮ ਚਿੜੀ ਨਹੀਂ ਰਹੀ।



## ਚਮਤਕਾਰ

ਕੁੱਝ ਵੀ ਸਥਿਰ ਨਹੀਂ ਹੈ ਇੱਥੇ
ਇਸ ਬ੍ਰਹਿਮੰਡ ਵਿੱਚ।
ਸਾਡੀ ਅਨੰਤ ਆਪਾਰ
ਕਾਇਨਾਤ ਦਾ ਪਸਾਰ
ਗਤੀਮਾਨ ਹੈ।
ਵਿਚਰਦਾ ਹੈ, ਪਲ ਪਲ
ਕੁਦਰਤ ਦੇ ਇੰਨੇ
ਅਟੱਲ ਅਤੇ ਸਟੀਕ
ਨਿਯਮਾਂ ਅਧੀਨ
ਇਕ ਸੰਤੁਲਨ ਅੰਦਰ
ਇੰਨੇ ਸਮਰਪਣ ਨਾਲ
ਕਿ ਨਿੱਕੀ ਤੋਂ ਨਿੱਕੀ ਕੁਤਾਹੀ
ਤਿਲ ਮਾਤਰ ਬੇਪਰਵਾਹੀ
ਢਾਹ ਸਕਦੀ ਹੈ ਕਹਿਰ
ਕਾਇਨਾਤ ਦੀ
ਇਸ ਸਾਰੀ ਹੋਂਦ ਵਿੱਚ।

ਸੰਤਜਨ ਹੋਣ ਜਾਂ ਅਵਤਾਰ
ਜਾਂ ਨਾਸਤਿਕ ਸੂਝਵਾਨ
ਜੋ ਕਰਦੇ ਨੇ
ਕੁਦਰਤ ਦੇ ਵਰਤਾਰੇ
ਅਤੇ ਨਿਯਮਾਂ ਦਾ ਸਨਮਾਨ
ਵਿਚਰਦੇ ਨੇ ਉਨ੍ਹਾਂ ਦੇ ਇੰਨਾ
ਅਨੁਸਾਰੀ ਅਤੇ ਨੇੜੇ ਹੋ ਕੇ
ਪੂਰੀ ਸਮਝ ਨਾਲ
ਪੂਰੇ ਸਤਿਕਾਰ ਨਾਲ
ਕਿ ਉਹ ਪਾ ਜਾਂਦੇ ਨੇ
ਕੁਦਰਤ ਦੀਆਂ ਗੁੱਝੀਆਂ ਰਮਜ਼ਾਂ,

ਅਣਜਾਣੇ ਭੇਤ,
ਜਾਂ ਹੱਥ ਆ ਜਾਂਦੇ ਨੇ ਉਨ੍ਹਾਂ ਦੇ
ਸਾਡੀ ਸਮਝ ਤੋਂ
ਪਰੇ ਦੇ ਕੁਝ ਸੱਚ
ਜੋ ਫਿਰ ਉੱਤਰ ਜਾਂਦੇ ਨੇ
ਉਨ੍ਹਾਂ ਦੇ ਅੰਤਿਹਕਰਣ ਵਿੱਚ।
ਸੂਝ ਵਿੱਚ।
ਉਨ੍ਹਾਂ ਦੇ ਕਰਮ ਅਤੇ ਜੀਵਨ ਜਾਚ ਵਿੱਚ
ਕਿ ਉਨ੍ਹਾਂ ਦੇ ਸਹਿਜ ਬੋਲ ਵੀ
ਨਹੀਂ ਹੁੰਦੇ ਸਾਡੇ ਲਈ
ਕਿਸੇ ਅਲਹਾਮ ਤੋਂ ਘੱਟ
ਧੁਰ ਕੀ ਬਾਣੀ ਵਾਂਗ।
ਉਨ੍ਹਾਂ ਦਾ ਸਹਿਜ ਕਰਮ ਵੀ
ਹੁੰਦਾ ਹੈ ਸਾਡੇ ਲਈ ਕਈ ਵਾਰ
ਕਿਸੇ ਚਮਤਕਾਰ ਵਾਂਗ।



## ਆਪਣੇ ਆਪ ਨੂੰ ਮੁਖਾਤਿਵ ਹੋਈਏ

ਇਹ ਸ਼ਾਇਦ ਕੁਦਰਤ ਦੀ
ਕੋਈ ਰਮਜ਼ ਹੈ
ਜਾਂ ਜ਼ਿੰਦਗੀ ਦਾ
ਆਪਣਾਂ ਕੋਈ ਰਾਹ ਹੈ
ਕਿ ਜਦੋਂ ਜਿਸਮ ਦੀ ਤਰੰਗ
ਪਹਿਲੀ ਵਾਰ ਅੰਗੜਾਈ ਲੈਂਦੀ ਹੈ
ਮਨ ਦੀ ਤਰੰਗ ਵੀ ਉਦੋਂ
ਕੁੱਝ ਝੱਲੀ ਜਿਹੀ ਹੁੰਦੀ ਹੈ।
ਬੱਸ ਕੁੱਝ ਝੱਲ ਜਿਹਾ
ਖਿੱਲਰ ਜਾਂਦਾ ਹੈ।
ਕਦੀ ਕੋਈ ਕਿਸਮਤ ਵਾਲਾ
ਅਚੇਤ ਹੀ
ਇੱਕ ਸਾਰਥਿਕਤਾ ਵੀ
ਸਿਰਜ ਲੈਂਦਾ ਹੈ।
ਬਹੁਤੀ ਵਾਰ
ਝੱਲ ਦਾ ਅੰਜਾਮ ਤਾਂ
ਝੱਲ ਹੀ ਹੁੰਦਾ ਹੈ।
ਤੇ ਇਹ ਝੱਲ
ਝੱਲਣਾ
ਔਖਾ ਹੁੰਦਾ ਹੈ।

ਤੇ ਕਈ ਵਾਰੀ
ਇਨਸਾਨੀ ਫਿਤਰਤ
ਨਿਰਾ ਸਵਾਰਥ ਅਤੇ ਹਵਸ ਦਾ
ਪਸਾਰ ਵੀ ਕਰਦੀ ਹੈ।
ਜਿਸਮ ਤੋਂ ਜਿਸਮ ਤੱਕ
ਭਟਕਦੀ ਹੈ।

ਬੜਾ ਕੁੱਝ ਤਿੜਕਦਾ ਹੈ।
ਟੁੱਟਦਾ ਭੱਜਦਾ ਹੈ।
ਰੂਹ ਜ਼ਖ਼ਮੀ-ਜ਼ਖ਼ਮੀ,
ਸੰਵੇਦਨਾਵਾਂ ਲੀਰੋ-ਲੀਰ।
ਯਾ ਮੌਲਾ
ਪੀੜਾਂ ਦੇ ਸਾਗਰ ਵਿੱਚ
ਦਮ ਨਾ ਘੁਟੇ
ਭਟਕਦੀ ਰੂਹ
ਰੁਦਨ ਨਾ ਕਰੇ
ਤਾਂ ਹੋਰ ਕੀ ਕਰੇ।

ਖ਼ੈਰ ਜ਼ਿੰਦਗੀ ਦੇ ਹੁੰਦੇ ਨੇ
ਆਪਣੇ ਰਾਹ
ਤੇ ਵਕਤ ਦਵਾ ਬਣਦਾ ਹੈ।
ਇਸਦਾ ਸਫਰ
ਨਿਰੰਤਰ ਜਾਰੀ ਹੈ।
ਇਹੋ ਰਾਹ ਬਚਦਾ ਹੈ
ਕਿ ਆਸ ਨਾ ਛੱਡੀਏ
ਜ਼ਿੰਦਗੀ ਦੀ ਉਂਗਲ ਫੜ
ਆਪਣੇ ਆਪ ਨੂੰ
ਮੁਖ਼ਾਤਿਬ ਹੋਈਏ।



## ਵਧੀਆ ਕਾਮੇਡੀ

ਕਿਸੇ ਨੇ ਕਿਹਾ ਹੈ
ਕਿੰਨਾਂ ਠੀਕ
ਕਿ ਸਾਡੀ ਸੰਸਦ ਵਿੱਚ
ਚੱਲਦੀ ਕਾਮੇਡੀ ਨਾਲੋਂ
ਹੋਰ ਵਧੀਆ ਕਾਮੇਡੀ
ਕੀ ਹੋ ਸਕਦੀ ਹੈ।
ਪਰ ਇਸ ਕਾਮੇਡੀ ਦੇ
ਪਰਦੇ ਦੇ ਪਿੱਛੇ
ਨਿਭਦੀ ਹੈ
ਕਿੱਡੀ ਤ੍ਰਾਸਦੀ
ਇਹ ਤਾਂ ਉਹ ਲੋਕ ਹੀ
ਜਾਣਦੇ ਨੇ
ਚੁਲ੍ਹਾ ਜਿੰਨ੍ਹਾਂ ਦਾ
ਤਪਦਾ ਨਹੀਂ ਕਈ ਕਈ ਦਿੱਨ
ਪਰ ਭੁੱਖ ਦਾ ਤਾਂਡਵ
ਹਨੇਰੀਆਂ ਗਲੀਆਂ 'ਚੋਂ
ਬਾਹਰ ਘੱਟ ਹੀ ਆਉਂਦਾ ਹੈ।
ਜਾਂ ਆਉਣ ਹੀ ਨਹੀਂ
ਦਿੱਤਾ ਜਾਂਦਾ।

ਜਾਂ ਜਾਣ ਸਕਦੀ ਹੈ
ਉਹ ਜਵਾਨੀ,
ਜੋ ਡਿਗਰੀਆਂ ਹੱਥ 'ਚ ਫੜੀ
ਰੁਜ਼ਗਾਰ ਦੀ ਤਲਾਸ਼ ਤੋਂ
ਨਿਰਾਸ਼,
ਨਸ਼ਿਆਂ ਜਾਂ ਗੁਨਾਹ ਦਾ
ਮੋੜ ਕੱਟ ਜਾਂਦੀ ਹੈ
ਕੋਈ ਲੈਂਦਾ ਨਹੀਂ,

ਉਨਾਂ ਦੀ ਸਾਰ
ਪਰ ਜਦ ਕਦੀ
ਇਹ ਬਣਦੀਆਂ ਨੇ
ਭੁੱਲ-ਭੁਲੇਖੇ
ਅਖਬਾਰਾਂ ਦੀ ਸੁਰਖੀਆਂ
ਨੇਤਾ ਜੀ ਮਾੜੀ ਜਿਹੀ
ਅੱਖ ਪੁੱਟਦੇ ਨੇ
ਸੰਵੇਦਨਾਵਾਂ ਦੀ
ਨੌਟੰਕੀ ਕਰਦੇ ਨੇ।
ਅੱਛੇ ਦਿਨਾਂ ਦੇ
ਸੁਪਨੇ ਵੰਡਦੇ ਨੇ।
ਤੇ ਫਿਰ ਮਹਾਂ ਸਕਤੀ ਦੇ
ਖ਼ਾਬਾਂ 'ਚ ਗੁੰਮ ਜਾਂਦੇ ਨੇ।
ਭੁੱਖ ਦੀ ਅਮਰਵੇਲ ਪੱਲ੍ਰਗੀ ਜਾਂਦੀ ਹੈ।
ਸੰਸਦ ਵਿੱਚ
ਕਾਮੇਡੀ ਜਾਰੀ ਰਹਿੰਦੀ ਹੈ।
ਵਧੀਆ ਕਾਮੇਡੀ।



## ਸਾਡਾ ਅੱਜ

ਬੀਤੇ ਦੀ ਜ਼ਮੀਨ 'ਤੇ
ਕੱਲ੍ਹ ਦੀ ਉਡਾਰੀ ਲਈ
ਜਰੂਰੀ ਹੈ
ਅੱਜ 'ਚ ਕੀਤਾ ਸਫ਼ਰ

ਪਰ ਅਸੀਂ ਤਾਂ
ਅੱਗਾ ਸੁਆਰਨ ਦੇ ਨਾਂ 'ਤੇ
ਕਰਮ ਕਾਂਡਾਂ ਵਿੱਚ ਓਤ-ਪੋਤ
ਮੰਤਰਾਂ ਨੂੰ ਰਟਦੇ
ਬਾਬਿਆਂ ਦੀ ਦੱਸੀਆਂ
ਵਿਧੀਆਂ 'ਤੇ
ਸਮਾਧੀਆਂ ਲਾਉਂਦੇ
ਝੂਠੀਆਂ ਪ੍ਰਾਪਤੀਆਂ ਦੀ
ਸੰਤੁਸ਼ਟੀ ਦੇ
ਸੁਪਨਿਆਂ ਵਿੱਚ ਗੁਆਚੇ
ਬੀਤੇ ਜਾਂ
ਆਉਣ ਵਾਲੇ ਕੱਲ੍ਹ,
ਵਿੱਚ ਵਿਚਰਦੇ ਹਾਂ।
ਸਾਡਾ ਅੱਜ ਤਾਂ
ਗੁਆਚ ਗਿਆ ਸੀ
ਬਹੁਤ ਪਹਿਲਾਂ ਹੀ
ਵੇਦਾਂ ਦੇ ਮੰਤਰਾਂ ਦੇ
ਹੋਂਦ ਵਿਚ ਆਉਣ ਨਾਲ ਹੀ।

## ਨਿਪੱਤਰੇ ਰੁੱਖ

ਰੋਹੀਆਂ ਦੇ
ਇੱਸ ਨਿਪੱਤਰੇ
ਰੁੱਖ 'ਤੇ
ਜਿੱਥੇ ਨਾ ਫੁੱਲ ਤੇ ਫ਼ਲ
ਛਾਂ ਵੀ ਕੋਈ ਨਾ
ਜੇ ਪੰਛੀ ਕੋਈ
ਆਲ੍ਹਣਾ
ਨਹੀਂ ਬਣਾਉਂਦੇ
ਜਾਂ ਪਲ ਦੋ ਪਲ
ਨਹੀਂ ਸੁਸਤਾਉਂਦੇ
ਤਾਂ ਪੰਛੀਆਂ ਨੂੰ
ਦੋਸ਼ ਕਿਸ ਗੱਲ ਦਾ

ਵਿਰਾਨੀ, ਇਕੱਲਤਾ
ਅਤੇ ਉਦਾਸੀ
ਇਹ ਵੀ ਤਾਂ
ਜਿੰਦਗੀ ਦਾ ਯਥਾਰਥ ਨੇ
ਹੰਢਾਉਣੇ ਹੀ ਪੈਂਦੇ ਨੇ
ਆਪਣੇ ਹਿੱਸੇ
ਦੇ ਇਹ ਪਲ।
ਰੋਹੀਆਂ ਦੇ
ਇਸ ਨਿਪੱਤਰੇ
ਰੁੱਖ ਦੀ ਤਰਾਂ।



## ਅਮੁੱਕ ਸਫਰ

ਪਾਣੀ ਦੀ ਲਹਿਰ ਦਾ
ਹੋਣ ਥੀਣ ਤੋਂ ਅਗਾਂਹ
ਅਨੰਤਤਾ ਵਿੱਚ
ਜਾ ਸਮਾਉਣਾਂ।

ਆਸਮਾਨ ਵਿੱਚ
ਉੱਡਦੀ ਬੱਦਲੀ ਬਣ
ਸਾਗਰ 'ਚੋਂ ਉੱਠੀ ਲਹਿਰ ਦਾ
ਲੰਬਾ ਸਫਰ ਛੋਹ ਲੈਣਾ।

ਅੱਕ ਦਾ ਭੰਬੂ
ਉੱਡਦਾ
ਆਪਣੇ ਹੋਣ ਦੇ
ਅਰਥ ਲੱਭਦਾ
ਜ਼ਮੀਨ ਨੂੰ ਤਲਾਸ਼ਦਾ।

ਪਾਣੀ ਦੀ ਲਹਿਰ
ਉੱਡਦੀ ਬੱਦਲੀ
ਅੱਕ ਦਾ ਭੰਬੂ
ਜੀਵਨ ਦੇ ਵਿਸ਼ਵਾਸ ਦੀ
ਉਡਾਰੀ ਜਾਂ
ਆਪਣੇ ਹੋਣ ਦਾ
ਅਮੁੱਕ ਸਫਰ
ਹੀ ਤਾਂ ਹੈ।

## ਸਕੂਨ

ਜਦੋਂ ਕੋਈ ਸੁਆਣੀ
ਬੁਰਕੀਆਂ,
ਰਾਤ ਦੇ ਬੇਹੇ ਟੁੱਕਰ ਦੀਆਂ
ਬੂਹੇ ਵਿੱਚ ਖਲੋ
ਗਲੀ ਵੱਲ ਸੁੱਟਦੀ ਹੈ
ਤਾਂ ਆਵਾਰਾ ਕੁੱਤੇ
ਦੌੜ-ਦੌੜ ਕੇ
ਬੋਚ ਲੈਂਦੇ ਨੇ
ਢਿੱਡ ਭਰ ਲੈਂਦੇ ਨੇ
ਤਾਂ ਕੁੱਤਿਆਂ ਦੀ
ਹੋਂਦ ਦੀ ਸਾਰਥਿਕਤਾ
ਕੀ ਹੈ
ਉਸ ਸੁਆਣੀ ਦੀ
"ਮੈਂ" ਨੂੰ
ਮਿਲੇ ਸਕੂਨ ਨੂੰ ਪੁੱਛੋ
ਜਾਂ ਪੁੱਛੋ
ਹਿੰਦੋਸਤਾਨ ਦੇ
ਚੌਂਕੀਦਾਰ ਨੂੰ।



## ਕੀੜੀ ਦਾ ਆਟਾ ਡੁੱਲ੍ਹਿਆ

ਨਿੱਕੇ ਹੁੰਦਿਆਂ
ਜਦੋਂ ਕਿਤੇ
ਖੇਡ੍ਹਦਿਆਂ
ਡਿੱਗ ਪੈਂਦੇ
ਸੱਟ ਲੱਗਦੀ, ਰੋਂਦੇ,
ਮਾਂ
ਕੱਪੜੇ ਝਾੜਦੀ
ਹੰਝੂ ਪੂੰਝਦੀ
ਕਹਿੰਦੀ
" ਫਿਰ ਕੀ ਹੋਇਆ
ਡੁੱਲ੍ਹ ਗਿਆ ਹੈ
ਕੀੜੀ ਦਾ ਆਟਾ। "
ਅਸੀਂ ਸੱਚ ਮੰਨ
ਵਿਰ ਜਾਂਦੇ
ਚੁੱਪ ਕਰ ਹੱਸਦੇ
ਫਿਰ ਖੇਡ੍ਹ ਵਿੱਚ
ਰੁੱਝ ਜਾਂਦੇ।

ਅੱਜ
ਜ਼ਿੰਦਗੀ ਦੀ ਖੇਡ੍ਹ, ਵਿੱਚ
ਠੇਡਾ ਲੱਗਿਆ ਹੈ,
ਡਿੱਗ੍ਹੇ, ਹਾਂ।
ਮਾਂ ਤਾਂ
ਕਦੋਂ ਦੀ ਤੁਰ ਗਈ ਹੈ
ਕੌਣ ਕੱਪੜੇ ਝਾੜੇ
ਕੌਣ ਹੰਝੂ ਪੂੰਝੇ
ਫਿਰ ਅੰਦਰੋਂ ਆਪ ਹੀ

ਆਵਾਜ਼ ਆਈ ਹੈ
ਆਟਾ ਤਾਂ ਤੇਰਾ
( ਕੀੜੀ ਦਾ ਨਹੀਂ )
ਸੱਚੀਂ ਡੁੱਲ੍ਹਿਆ ਹੈ
ਚੱਲ ਆਪ ਹੀ ਉੱਠ
ਕੱਪੜੇ ਝਾੜ
ਤੇ ਆਪ ਹੀ ਕਹਿ
ਕੋਈ ਨਹੀਂ,
" ਕੀੜੀ ਦਾ ਆਟਾ ਡੁੱਲ੍ਹਿਆ ਹੈ " ।
ਨਹੀਂ ਤਾਂ
ਬਚਿਆ ਆਟਾ
ਕੌਣ ਸੰਭਾਲੇਗਾ।



## ਵਿਸ਼ਾਲਤਾ, ਸੰਕੀਰਨਤਾ ਅਤੇ ਚੇਤਨਤਾ

ਠੀਕ ਹੀ ਹੋਵੇਗਾ
ਇਹ ਕਹਿਣਾ ਕਿ
" ਵਿਸ਼ਾਲਤਾ " ਅਤੇ
" ਸੰਕੀਰਨਤਾ "
ਜੀਵਨ ਦੇ ਅੰਗ ਨੇ
ਦੋਨੋਂ।
ਸੱਚਾਂ ਤਾਂ ਇਹ ਵੀ ਹੈ ਕਿ
" ਸੰਕੀਰਨਤਾ " ਦੇ
ਹੁੰਦੇ ਨੇ
ਆਪਣੇ ਹੀ ਡਰ
ਅਤੇ ਇਹ ਡਰ
ਆਪਣੀ ਜ਼ਹਿਰ
ਆਪ ਹੀ
ਢੋਹ ਨਹੀਂ ਪਾਉਂਦੇ
ਥੁੱਕਦੇ ਰਹਿੰਦੇ ਨੇ
ਆਲੇ ਦੁਆਲੇ
ਉੱਗਦੇ ਰਹਿੰਦੇ ਨੇ
ਨਫਰਤਾਂ ਦੇ ਜੰਗਲ।
ਚੇਤਨਤਾ
ਨਿਰਲੇਪ ਤਾਂ ਹੋ ਸਕਦੀ ਹੈ
ਨਿਡਰ ਵੀ
ਪਰ ਲਾਪਰਵਾਹ ਨਹੀਂ।
ਚੇਤਨਤਾ ਦੀ
ਮਸਤ ਹਾਥੀ ਚਾਲ ਨੂੰ
ਵਿਚਲਤ ਨਹੀਂ ਕਰਦਾ ਕਦੀ
ਕੁੱਤਿਆ ਦਾ ਭੌਂਕਣਾ।
ਬਸ ਜ਼ਰੂਰੀ ਹੈ ਤਾਂ
ਹੋਸ਼ ਦਾ ਦਾਮਨ ਸੰਭਾਲਣਾ
ਨਫਰਤਾਂ ਅਤੇ
ਜ਼ਹਿਰਾਂ ਦੇ ਜੰਗਲ ਤੋਂ
ਪਾਰ ਜਾਂਦਿਆਂ।

## ਆਜ਼ਾਦੀ

ਆਜ਼ਾਦੀ ਵਿੱਚ
ਕੁੱਝ ਫਰਜ਼ ਹੁੰਦੇ ਨੇ
ਕੁੱਝ ਕਰਤੱਵ ਹੁੰਦੇ ਨੇ।
ਆਸੇ-ਪਾਸੇ ਦੇ ਪਸਾਰੇ ਦਾ
ਇੱਕ ਸਤਿਕਾਰ ਹੁੰਦਾ ਹੈ।
ਜੀਵਨ ਦੀ ਇੱਕ
ਸਮਝ ਹੁੰਦੀ ਹੈ,
ਇੱਛਾਵਾਂ ਦਾ
ਭਾਵਨਾਵਾਂ ਦਾ
ਸਹਿਜ ਹੁੰਦਾ ਹੈ,
ਸੰਜਮ ਹੁੰਦਾ ਹੈ,
ਇੱਕ ਜੀਵਨ ਜਾਚ ਹੁੰਦੀ ਹੈ
ਇੱਕ ਵਰਤਾਰਾ ਹੁੰਦਾ ਹੈ
ਆਜ਼ਾਦੀ ਦੀ
ਖੁੱਲ੍ਹੀ ਫਿਜ਼ਾ ਵਿਚ
ਉਡਾਰੀ ਭਰਨ ਲਈ।



## ਪੰਜੀਆਂ ਦਸੀਆਂ ਦੇ ਸਿੱਕੇ

ਕਦੀ ਸਮਾਂ ਸੀ
ਸਾਡਾ ਵੀ।
ਮੁੱਲ ਸੀ ਸਾਡੀ ਵੀ ਹੋਂਦ ਦਾ
ਸੀ ਅਸੀਂ ਵੀ
ਰਾਜੇ
ਸੀ ਅਸੀਂ ਵੀ
ਸ਼ਿੰਗਾਰ ਕਿਸੇ ਦਾ।
ਤੇ ਸੀ ਕਿਸੇ ਦੇ
ਸਵੈਮਾਣ ਵੀ।
ਵੇਖੋ ਹਵਸ
ਮਨੁੱਖ ਦੀ
ਹੱਟੀਆਂ ’ਤੇ
ਅੱਜ ਵੀ ਮੁੱਲ ਪੈਂਦਾ ਹੈ,
ਕੌਡੀਆਂ ਦਾ,
ਸ਼ਾਹਾਂ ’ਤੇ
ਸੁਲਤਾਨਾਂ ਦੇ
ਸਮਿਆਂ ਵਾਂਗ।
ਪਰ ਅਸੀਂ
ਸ਼ਾਹ ਕਿਸੇ ਸਮੇਂ ਦੇ
ਅੱਜ
ਇਤਿਹਾਸ ਹੋ ਗਏ ਹਾਂ।

## ਅੰਤਿਮ ਸਾਹ

ਕੁਦਰਤ ਦੀ ਰਚੀ
ਸਰਿਸ਼ਟੀ ਦੇ ਪਸਾਰ ਵਿੱਚ
" ਧਰਤੀ "
ਨਾਯਾਬ ਕਿਰਤ ਉਸਦੀ।
" ਮਨੁੱਖ "
ਉਸ ਕਾਦਰ ਦਾ
ਪ੍ਰਛਾਵਾਂ।
ਇਲਾਹੀ ਮੂਰਤ ਹੋਣਾ
ਸੀ ਉਸਦਾ ਸਰਮਾਇਆ।
ਪਰ ਸਿੱਕਿਆਂ ਦੀ ਖ਼ਨਕ
ਦਾ ਭਰਮਾਇਆ
ਸਵੈ ਦੀ ਅੰਨ੍ਹੀ ਦੋੜ ਵਿੱਚ
ਸੱਤਾ ਦੀ ਅਮਿਟ ਹਵਸ ਵਿੱਚ
ਦੌਲਤ ਦੀ ਅੰਨ੍ਹੀ ਭੁੱਖ ਵਿੱਚ
ਹੋ ਗਿਆ ਹੈ
ਆਪਣੀ ਹੀ
ਇਸ ਪਾਲਣਹਾਰ
ਧਰਤੀ ਦੇ
ਖ਼ੂਨ ਦਾ ਤ੍ਰਿਹਾਇਆ
ਸ਼ਾਇਦ ਭੁੱਲ ਗਿਆ ਹੈ,
ਕਿ ਉਹ ਤਾਂ
ਇਸਨੂੰ ਪਲੀਤ ਕਰਦਾ
ਲਿਖ ਰਿਹਾ ਹੈ
ਅੰਤਿਮ ਸਾਹ ਆਪਣੇ ਹੀ।



## ਕਦਰ

ਸੱਚੀਂ, ਇਹ ਵੀ
ਜੀਵਨ ਦਾ ਯਥਾਰਥ ਹੈ
ਜਿੱਥੇ
ਸਾਰੀਆਂ ਅਕਲਾਂ
ਕਿਤੇ ਕੰਮ ਨਹੀਂ ਆਉਂਦੀਆਂ।
ਅਤੇ ਗਹਿਰਾਈ ਵਿੱਚੋਂ
ਮਨ ਵੀ ਕਿਤੇ
ਹੁੰਗਾਰਾ ਭਰ ਰਿਹਾ
ਹੁੰਦਾ ਹੈ
ਸ਼ਾਇਦ ਇਹ
ਮਨੁੱਖ ਦਾ ਸਵੈ ਹੁੰਦਾ ਹੈ
ਜਾਂ ਉਸਦੀ " ਮੈਂ "
ਜੋ ਮਨੁੱਖ ਦੇ
ਪਹਿਲੇ ਸਾਹ ਦੇ ਨਾਲ ਹੀ
ਅੱਖ ਖੁਹਲਦਾ ਹੈ
ਜੋ ਕਦੀ ਮਿਟਦਾ ਨਹੀਂ,
ਆਪਣੀ ਹੋਂਦ ਜਤਾਉਂਦਾ ਹੈ
ਕਦੇ-ਕਦੇ ' ਆਪਣੀ '
ਕਦਰ ਭਾਲਦਾ ਹੈ।

## ਅਉਖਾ ਬੜਾ ਹੈ

ਅਉਖਾ ਬੜਾ ਹੈ
ਸ਼ਾਇਦ ਕਰਿਸ਼ਮਾ ਵੀ
ਤੇ ਅਟਪਟਾ ਵੀ
ਜੰਗਲ ਦੀ ਅੱਗ ਨੂੰ
ਤਨ ਤੰਦੂਰ ਵਿਚ ਪਾ ਕੇ
ਉਤੋਂ ਢਕ ਦੇਣਾ
ਬੁੱਲ੍ਹੀਆਂ ਸੀ ਲੈਣਾ
ਤੇ ਪਾਸੇ ਤੇ ਖਲੋ ਕੇ
ਉਸ ਅੱਗ ਲਈ
ਲੰਬੀ ਉਮਰ ਦੀ ਦੁਆ ਕਰਨਾ।

ਅਉਖਾ ਬੜਾ ਹੈ, ਆਪ ਨੂੰ
ਆਪਣੇ ਆਪ ਤੋਂ ਚੁਰਾਉਣਾ।
ਆਪਣੇ ਅੰਦਰਲੇ
ਜਖ਼ਮਾਂ ਦੀ ਲਾਲੀ ਨੂੰ
ਬੁੱਲ੍ਹਾਂ ਤੇ ਟਿਕਾ ਕੇ
ਫਿਰ ਮੁਸਕਰਾਉਣਾ
ਅਉਖਾ ਬੜਾ ਹੈ।

ਅਉਖਾ ਬੜਾ ਹੈ
ਆਪਣੇ ਇੱਕ ਆਪੇ ਨੂੰ
ਅਲਵਿਦਾ ਕਹਿ ਕੇ
ਦੂਜੇ ਨੂੰ ਸਿਜਦਾ ਕਰਨਾ

ਅਉਖਾ ਬੜਾ ਹੈ
ਆਪਣੇ ਅੰਦਰਲੀ
ਤੜਪਦੀ ਵਿਲਕਦੀ " ਮੈਂ " ਨੂੰ
ਸਮਰਪਣ ਦਾ ਤਿਲਕ ਲਗਾ ਕੇ
ਆਪਣੇ ਨੈਣਾਂ ਦੀ
ਜਲਧਾਰਾ ਨੂੰ ਛਿਪਾਉਣਾ



ਹੋਰ ਵੀ ਅਉਖਾ ਹੈ
ਆਪਣੇ ਹੰਝੂਆਂ ਨੂੰ
ਆਪ ਹੀ ਸਹਿਲਾਉਣਾ
ਅਤੇ ਕੁਕਨੂਸ ਦੀ
ਜੂਨ ਹੰਢਾਉਣਾ।

ਅਉਖਾ ਬੜਾ ਹੈ
ਆਪਣੇ ਆਪ ਤੋਂ
ਆਪਣੇ "ਮੈਂ" ਨੂੰ ਚੁਰਾਉਣਾ
ਜਿੰਦਗੀ ਦੇ ਸਫਰ 'ਤੇ ਨਿਕਲਦਿਆਂ
ਆਪਣੇ ਹੀ ਇੱਕ ਆਪੇ ਨੂੰ
ਅਲਵਿਦਾ ਕਹਿਣਾ
ਅਤੇ ਆਪ ਹੀ ਪਿੱਛੇ ਰਹਿ ਗਏ
ਆਪਣੇ ਹੀ ਪਦਚਿਨ੍ਹਾਂ ਨੂੰ
ਨਿਹਾਰਨਾ, ਜਾਂ ਲਾਪਰਵਾਹ ਹੋਣਾ
ਅਉਖਾ ਬੜਾ ਹੈ।

## ਬਗ਼ਾਵਤ ਕਰਨ ਤੋਂ ਪਹਿਲਾਂ

ਬਗ਼ਾਵਤ ਕਰਨ ਤੋਂ ਪਹਿਲਾਂ,
ਆਜ਼ਾਦੀ ਦੇ ਨਾਂ ’ਤੇ,
ਉਡਾਰੀ ਭਰਨ ਤੋਂ ਪਹਿਲਾਂ,
ਜ਼ਰੂਰੀ ਹੈ,
ਮੱਥੇ ’ਚ ਦੀਵਾ ਧਰਨਾ।
ਨਾਲੇ ਜਰੂਰੀ ਹੈ
ਬੰਧਨਾਂ ਦੀ ਨਬਜ ਨੂੰ
ਪਹਿਚਾਨਣਾ
ਰਾਹਾਂ ਦੀ ਟੋਹ ਲੈਣਾ।

ਆਜ਼ਾਦੀ ਜੇ
ਖੁੱਲ੍ਹੀ ਹਵਾ ਹੈ
ਉਡਾਰੀ ਭਰਨ ਲਈ,
ਸਾਹ ਲੈਣ ਲਈ
ਵਿਸ਼ਾਲ ਆਕਾਸ਼ ਹੈ,
ਖੰਭਾਂ ਨੂੰ ਪਸਾਰਨ ਲਈ।
ਆਜ਼ਾਦੀ ਇੱਕ ਬੰਧਨ ਵੀ ਹੈ
ਜ਼ਿੰਦਗੀ ਪ੍ਰਤੀ।
ਇੱਕ ਜਿੰਮੇਵਾਰੀ ਵੀ ਹੈ
ਸਮਾਜ ਅਤੇ ਰਿਸ਼ਤਿਆਂ ਪ੍ਰਤੀ।
ਹਮਕਦਮ ਹੋਣਾ
ਆਪਣੇ ਸਵੈ ਪ੍ਰਤੀ।
ਇਹ ਠੀਕ ਹੈ ਕਿ
ਚਿੜੀਆਂ ਨੂੰ
ਰੱਖਿਆ ਜਾਂਦਾ ਹੈ
ਅਣਭਿੱਜ
ਪਿੰਜਰਿਆਂ ਤੋਂ
ਭੁਲੇਖਿਆਂ ਨਾਲ।
ਪਰ ਪਿੰਜਰਿਆਂ ਦੇ
ਦਰ ਤਾਂ ਖੁੱਲ੍ਹਣਗੇ
ਮੱਥੇ ਦੇ ਦੀਵੇ ਨਾਲ।



ਇਹ ਸਫਰ ਤਾਂ
ਮੱਥੇ ਦੀ ਤਿਊੜੀ ਨਾਲ।
ਆਪਣੇ ਦਮ ’ਤੇ ਤੈਅ
ਆਪ ਹੀ ਕਰਨਾ ਪੈਂਦਾ ਹੈ
ਪਿੰਜਰਿਆਂ ਦੀ ਤਾਂ
ਫਿਤਰਤ ਹੈ
ਅੰਦਰ ਡੱਕੀ ਰੱਖਣਾ।

## ਬੰਦ ਬੂਹਾ

ਬੰਦ ਬੂਹਾ
ਜਿੰਦਗੀ ਦਾ
ਆਪਣੇ ਪ੍ਰਭੂ ਦਾ
ਜਾਂ ਚੇਤਨਾ ਦਾ।
ਬਾਹਰ ਬੈਠੇ
ਸੁਪਨੇ, ਮਨੋਕਾਮਨਾਵਾਂ।
ਅੰਦਰ ਜਾਣ ਦਾ ਹੁਕਮ
ਸ਼ਾਇਦ
ਆਪ ਹੀ ਕਮਾਉਣਾ ਪੈਂਦਾ ਹੈ।
ਆਪਣਾ ਰਾਹ
ਆਪ ਹੀ ਬਣਾਉਣਾ ਪੈਂਦਾ ਹੈ

ਚੇਤਨ ਜਦ ਪ੍ਰਗਟ ਹੁੰਦਾ ਹੈ
ਤਾਂ ਇੰਜ ਵੀ ਹੁੰਦਾ ਹੈ
ਕਈ ਵਾਰ ਕਿ
ਜਿਸਮ ਸਾਥ ਨਹੀਂ ਦਿੰਦਾ
ਲੱਗਦਾ ਹੈ
ਹੱਥ ਵੀ ਖਾਲੀ ਨੇ
ਢਾਹੇ
ਸਿਰਜੇ ਸੁਪਨੇ
ਕਾਮਨਾਵਾਂ
ਸਮਰਪਣ
ਸਭ ਕੁੱਝ ਹਾਜ਼ਿਰ ਹੋਵੇ
ਫਿਰ ਵੀ ਆਪਾ
ਛੋਟਾ-ਛੋਟਾ ਜਾਪਦਾ ਹੈ।

ਤੁਹਾਡਾ ਦਵੰਦ
ਕੁੱਝ ਅੰਦਰ
ਕੁੱਝ ਬਾਹਰ
ਦੋ ਹਿੱਸਿਆਂ ਵਿੱਚ
ਵੰਡੇ ਜਾਣਾ।



ਪਰ ਚੇਤਨਤਾ ਆਪ ਹੀ
ਫਿਰ ਬਖਸ਼ਦੀ ਹੈ ਦਿਸ਼ਾ
ਅਹਿਸਾਸ ਕਰਾਉਂਦੀ ਹੈ
ਜੋ ਕੁੱਝ ਅੰਦਰ ਹੈ
ਜੋ ਕੁੱਝ ਬਾਹਰ ਹੈ।
ਇਹ ਚੇਤਨਾ ਦੀ ਹੀ
ਘਾੜਤ ਹੈ
ਤੁਹਾਡਾ " ਸਵੈ "
ਤੁਹਾਡੀ " ਮੈਂ "
ਤੁਹਾਡੀ ਸਮਰੱਥਾ
ਬਸ ਇਨ੍ਹਾਂ ਦਾ
ਅਹਿਸਾਸ ਜਾਗਣਾ ਹੀ
ਬਣਾਉਦਾਂ ਹੈ ਤੁਹਾਨੂੰ
ਤੁਹਾਡਾ ਆਪਣਾ ਪ੍ਰਭੂ।
ਬੰਦ ਬੂਹੇ ਦੀ ਹੋਂਦ
ਮਿਟ ਜਾਂਦੀ ਹੈ।

## ਗੱਲ ਸ਼ਾਇਦ

ਗੱਲ ਸ਼ਾਇਦ
ਸ਼ਬਦਾਂ ਦੀ ਨਹੀਂ,
ਉਸ ਪਿਛਲੇ ਅਰਥਾਂ ਦੀ ਹੁੰਦੀ ਹੈ।

ਮਨ ਅੰਦਰਲਾ ਖ਼ਿਲਾਅ,
ਕੁੱਝ ਅਪਹੁੰਚ ਜਿਹਾ।
ਅੰਦਰਲੇ ਹਨੇਰੇ 'ਚ
ਉਖੜਦੇ ਕਦਮ।
ਪਿਆਸ, ਹੁੰਮਸ, ਟੁੱਟ-ਭੱਜ
ਕੁੱਝ ਨਾ ਕਰ ਸਕਣ ਦੀ ਟੀਸ
ਉਣੀਦਰੀਆਂ ਰਾਤਾਂ 'ਚ
ਤੜਪ ਦੀ ਸ਼ਿੱਦਤ
ਸ਼ਬਦ ਜਿਸਦੇ ਹਾਣ ਦੇ ਨਹੀਂ ਹੋ ਪਾਉਂਦੇ।
ਇਕੱਲਿਆਂ ਜੂਝਦਿਆਂ
ਕਿਸੇ ਆਪਣੇ ਦਾ ਸਾਥ
ਤੇ ਉਸਦੇ ਮੋਢੇ 'ਤੇ ਸਿਰ ਰੱਖ
ਨੈਣਾਂ ਦਾ ਭਾਰ ਹੌਲਾ ਕਰਨ ਦੀ
ਚਾਹਤ,
ਜੋ ਲਫਜਾਂ ਦੀ ਪਕੜ ਤੋਂ ਪਰੇ ਹੁੰਦੀ ਹੈ।
ਇੱਕ ਖ਼ਾਮੋਸ਼ੀ ਕਰਵਟ ਲੈਂਦੀ ਹੈ।

ਇਹ ਵੀ ਸੱਚ ਹੈ ਕਿ
ਹਾਲਾਤ ਨਾਲ
ਦੋ ਚਾਰ ਹੋਣਾ ਹੀ ਪੈਂਦਾ ਹੈ।
ਉਪਰਾਮਤਾ ਦੀ ਉਸ ਘੜੀ ਵਿੱਚ
ਮਨ ਚਾਹੁੰਦਾ ਹੈ
ਸ਼ਾਇਦ ਲੋੜ ਵੀ ਹੁੰਦੀ ਹੈ
ਇਸ ਗੱਲ ਦੀ ਕਿ
ਸਿਥਲ ਹੋਏ ਤਨ ਮਨ ਅਤੇ
ਅੱਖਾਂ ਅੱਗੇ ਛਾਈ ਬੇਵਿਸ਼ਵਾਸੀ ਦੇ ਪਲਾਂ ਵਿੱਚ
ਕੋਈ ਪਿੱਠ 'ਤੇ ਹੱਥ ਧਰ



ਹੌਲੀ ਜਿਹੇ ਹੱਥ ਘੁੱਟ
ਨਾਲ ਤੁਰਨ ਦਾ ਅਹਿਸਾਸ ਕਰਾਵੇ
ਕੰਨ ਵਿਚ ਹੌਲੀ ਜਿਹੇ ਕਹੇ
" ਇੰਜ ਹੌਸਲਾ ਨਹੀਂ ਹਾਰੀਦਾ
ਚੱਲ ਆ ਚੱਲੀਏ
ਅਜੇ ਤਾਂ ਤੁਰਨਾ ਬਹੁਤ ਬਾਕੀ ਹੈ
ਜਾਣਾ ਬੜੀ ਦੂਰ ਹੈ
ਬਾਕੀ ਸਫਰ ਅਜੇ ਕਾਫੀ ਹੈ। "
ਫਿਰ ਮੁਸਕਰਾਹਟ ਇੱਕ ਸਫ਼ਰ ਛੋਹ ਲਵੇ
ਹਵਾ 'ਚ ਲਹਿਰਾਉਂਦੇ ਅਹਿਸਾਸ ਫਿਰ
ਕਰ ਦਿੰਦੇ ਨੇ ਕਾਫੂਰ
ਮੱਥੇ 'ਤੇ ਆਈਆਂ ਤ੍ਰੇਲੀਆਂ ਨੂੰ।
ਜੇ ਸ਼ਬਦ ਅਰਥਾਂ ਦੇ ਹਾਣ ਦੇ
ਨਹੀਂ ਹੋ ਪਾਉਂਦੇ ਤਾਂ ਫਿਰ ਕੀ ਹੈ।
ਗੱਲ ਤਾਂ ਸਾਇਦ
ਸ਼ਬਦਾਂ ਦੀ ਨਹੀਂ
ਉਸ ਪਿਛਲੇ ਅਰਥਾਂ ਦੀ ਹੁੰਦੀ ਹੈ।

## ਅਣਜਾਣੀ ਮੁਸਕੁਰਾਹਟ

ਕਦੀ ਇੰਜ ਵੀ ਹੁੰਦਾ ਹੈ
ਇੱਕ ਅਣਜਾਣੀ ਮੁਸਕੁਰਾਹਟ
ਇੱਕ ਲਰਜ਼ਿਸ਼ ਵਾਂਗ
ਉੱਤਰ ਜਾਂਦੀ ਹੈ
ਤੁਹਾਡੇ ਵਜੂਦ ਵਿੱਚ,
ਤੁਸੀਂ ਉਹ ਨਹੀਂ ਰਹਿੰਦੇ
ਜੋ ਪਲ ਭਰ ਪਹਿਲਾਂ ਸੀ।
ਮਿਲ ਜਾਂਦਾ ਹੈ
ਇੱਕ ਨਵਾਂ ਆਯਾਮ।
ਰਾਹ ਆਪਣੇ ਭੇਤ ਖੁਹਲ ਦਿੰਦੇ ਨੇ।
ਕਦਮ ਆਪ ਮੁਹਾਰੇ ਤੁਰ ਪੈਂਦੇ ਨੇ।
ਕਦੀ ਇੰਜ ਵੀ ਹੁੰਦਾ ਹੈ
ਕਿ ਇੱਕ ਅਜਨਬੀ ਮੁਸਕਰਾਹਟ
ਇੱਕ ਲਰਜ਼ਿਸ਼ ਵਾਂਗ
ਉੱਤਰ ਜਾਂਦੀ ਹੈ
ਤੁਹਾਡੇ ਵਜੂਦ ਵਿੱਚ।



## ਮਜ਼ਲੂਮ

ਗਰੀਬੀ, ਬਿਮਾਰੀ
ਜਾਤ-ਪਾਤ,ਲਿੰਗ ਭੇਦ
ਇਹ ਲਾਹਨਤਾਂ
ਮਜ਼ਲੂਮੀਅਤ ਨਹੀਂ ਹੁੰਦੀਆਂ।
ਇਹ ਤਾਂ ਅਲਾਮਤਾਂ ਨੇ
ਅੰਬਰ ’ਤੇ ਛਾਈਆਂ
ਕਾਲੀਆਂ ਘਟਾਵਾਂ ਦਾ
ਰਾਜਨੀਤੀ ਦੇ ਹਨੇਰੇ ਦੀ ਚਾਦਰ ਹੇਠ
ਪਨਪ ਰਹੀਆਂ ਸਾਜ਼ਿਸ਼ਾਂ ਦਾ
ਚੌੜੀਆਂ ਛਾਤੀਆਂ ਵਾਲੇ
ਆਕਾਵਾਂ ਦਾ।

ਮਜ਼ਲੂਮੀਅਤ ਤਾਂ ਹੁੰਦੀ ਹੈ
ਸੁਪਨਿਆਂ ਦਾ ਅਪੰਗ ਹੋ ਜਾਣਾ
ਸੋਚ ਅਤੇ ਸੂਝ ਦਾ
ਹਤਾਸ਼ ਹੋ ਜਾਣਾ
ਜੀਵਨ ਤੋਂ ਭਗੌੜੇ ਹੋ ਜਾਣਾ।
ਤੇ ਜਦੋਂ ਇਹ ਭਗੌੜੇ
ਮਲਾਹ ਬਣ ਦੱਸਦੇ ਨੇ
ਗੁਰ ਭਵ-ਸਾਗਰ ਤਰਨ ਦਾ
ਜਾਂ ਦੁਖੜੇ ਹਰਨ ਦਾ ਤਾਂ
ਪੂਰਾ ਸਮਾਜ ਹੀ
ਮਜ਼ਲੂਮ ਹੋ ਜਾਂਦਾ ਹੈ।

## ਬੋਦਾ ਧਾਗਾ

ਕੀ ਦਵਾ ਪੁੱਛਦੇ ਹੋ
ਛਲਾਵੇ ਰੰਗਾਂ ਦਿੱਤੇ
ਜ਼ਖਮਾਂ ਦੀ।
ਆਪਾਂ ਸਾਰੇ ਫੱਟਾਂ ਮਾਰੇ।
ਉਂਗਲ ਕੋਈ ਫੜੇ ਨਾ।

ਮੇਰੇ ਹੱਥ ਵਿੱਚ
ਜਨਮ ਜਾਤ ਹੀ
ਬੋਦਾ ਧਾਗਾ
ਕਰਮਾਂ ਦਾ
ਧਰਮਾਂ ਦਾ
ਅਖੌਤੀ ਸੰਸਕਾਰਾਂ ਦਾ
ਜਿਸ ਨਾਲ ਗੰਢ ਕੋਈ ਪਵੇ ਨਾ।
ਜੇ ਸੂਈ ਦੇ ਨੱਕੇ ਵਿਚੋਂ ਧਾਗਾ
ਲੰਘ ਵੀ ਜਾਵੇ
ਤੋਪਾ ਕੋਈ ਭਰੇ ਨਾ।
ਜੇ ਤੋਪਾ ਭਰ ਵੀ ਜਾਵੇ,
ਸਲਾਮਤ ਕੋਈ ਰਵ੍ਹੇ ਨਾ।
ਕੀ ਦਵਾ ਪੁੱਛਦੇ ਹੋ
ਛਲਾਵੇ ਰੰਗਾਂ ਦਿੱਤੇ
ਜ਼ਖਮਾਂ ਦੀ।
ਆਪਾਂ ਸਾਰੇ ਫੱਟਾਂ ਮਾਰੇ।



## ਮੇਰਾ ਯਥਾਰਥ

ਇਹ ਭੀ
ਇੱਕ ਤ੍ਰਾਸਦੀ ਹੈ
ਜਾਂ ਜ਼ਿੰਦਗੀ ਦਾ ਆਪਣਾ ਰੰਗ
ਕਿ ਨਦੀ ਦੀ
ਤਕਦੀਰ ਨਹੀਂ ਪਾਈ
ਅਤੇ ਸਮੁੰਦਰ ਦੇ
ਕੋਲ ਰਹਿ ਕੇ ਵੀ
ਸਮੁੰਦਰ ਨਾਲ
ਸਮੁੰਦਰ ਨਹੀਂ ਹੋ ਸਕਿਆ।
ਪਰ ਹਾਂ
ਉਸਦੀਆਂ ਲਹਿਰਾਂ ਤੇ
ਉਸਦੇ ਜਵਾਰਭਾਟੇ ਦੀ ਤਰਾਂ
ਜਿੰਦਗੀ ਦੇ ਉਤਾਰ ਚੜ੍ਹਾ ਨੇ
ਮੈਨੂੰ ਵੀ ਕਰ ਦਿੱਤਾ ਹੈ
ਅਸ਼ਾਂਤ ਸਰੂਪ
ਖੌਲਦਾ ਹੋਇਆ
ਸ਼ਾਇਦ ਇੱਹ ਹੀ
ਮੇਰਾ ਯਥਾਰਥ ਹੈ।
ਅਤੇ ਸਮੁੰਦਰ ਦਾ ਵੀ।
ਪਰ ਮੈਂ
ਸਮੁੰਦਰ ਤਾਂ ਨਹੀਂ ਹਾਂ।

## ਰਾਹਾਂ ਦੀ ਧੂੜ

ਬੀਤਿਆ
ਕਦੀ ਜੁਦਾ ਨਹੀਂ ਹੁੰਦਾ
ਤੁਹਾਡੀ ਹੋਂਦ ਤੋਂ।
ਰਾਹਾਂ ਦੀ ਧੂੜ
ਤਾਂ ਤੁਰਦੀ ਹੈ ਅਕਸਰ
ਤੁਹਾਡੇ ਸੁਪਨਿਆਂ ਦੇ ਅੱਗੇ-ਅੱਗੇ,
ਮਨ ਸਥਲ 'ਤੇ
ਛੱਡ ਜਾਂਦੀ ਹੈ
ਆਪਣੀਆਂ ਪੈੜਾਂ ਦੇ ਨਿਸ਼ਾਨ।
ਤੁਹਾਡਾ ਸਵੈ
ਉਹ ਨਹੀਂ ਰਹਿੰਦਾ
ਜੋ ਕੁੱਝ ਪਲ ਪਹਿਲਾਂ ਸੀ।
ਕਿੱਥੇ ਨੱਸੋਗੇ
ਕਿਸ ਕੋਲੋਂ ਦੌੜੋਗੇ
ਇਹ ਧੁਆਂਖੇ ਜਿਹੇ ਸੁਪਨੇ
ਰਾਹਾਂ ਦੀ ਧੂੜ
ਪੈੜਾਂ ਦੇ ਨਿਸ਼ਾਨ ਤਾਂ
ਤੁਹਾਡੇ ਸਵੈ ਦੇ
ਨਾਲ ਹੀ ਰਹਿਣਗੇ।



## ਸੁਰਮੇ ਵਾਲੀ ਅੱਖ

ਸੁਰਮੇ ਵਾਲੀ ਅੱਖ
ਅਕਸਰ ਘੂਰ ਕੇ ਵੇਖਦੀ ਹੈ।
ਜਿਵੇਂ ਕਹਿ ਰਹੀ ਹੋਵੇ
" ਥੋੜ੍ਹਾ ਉਡੀਕ ਨਹੀਂ ਸੀ ਸਕਦੇ ?
ਮੈਂ ਆ ਹੀ ਜਾਣਾ ਸੀ ।
ਪਤਾ ਨਹੀਂ
ਕਿਹੜੀ-ਕਿਹੜੀ ਮਿੱਟੀ
ਫਰੋਲਦੇ ਰਹੇ ਹੋ
ਅਜੇ ਤੱਕ ਇਨ੍ਹਾਂ ਹੱਥਾਂ ਤੋਂ
ਉਨ੍ਹਾਂ ਦੇ ਪ੍ਰਛਾਵੇਂ ਨਹੀਂ ਝੜਦੇ ਪਏ "

ਬੜਾ ਕੁੱਝ ਜੋ ਕਹਿ ਸਕਦੇ ਹਾਂ
ਅਣਕਿਹਾ ਰਹਿ ਜਾਂਦਾ ਹੈ
ਜਾਂ ਅੰਦਰ ਹੀ ਦਬ ਜਾਂਦਾ ਹੈ।
ਕਿ ਉਹ ਮਿੱਟੀ ਨਹੀਂ
ਵਕਤ ਨਾਲ ਰੂਹ ਤੇ ਉੱਗੀਆਂ
ਕਰੂੰਬਲਾਂ ਹੁੰਦੀਆਂ ਨੇ।
ਜੋ ਸਹਿਜ ਭਾ ਹੀ
ਬਿਨਾਂ ਪੁੱਛੇ ਦੱਸੇ
ਜ਼ਿੰਦਗੀ
ਤੁਹਾਡੀ ਝੋਲੀ ਪਾ ਜਾਂਦੀ ਹੈ।
ਤੇ ਇਨ੍ਹਾਂ ਦੀ ਸੁਗੰਧੀ
ਤੇ ਨਾਲ ਜੁੜੇ ਕੰਡਿਆਂ ਦੀ ਚੋਭ,
ਤਾ ਉਮਰ
ਤੁਹਾਡੇ ਹਮਕਦਮ ਰਹਿੰਦੀ ਹੈ।

ਉਂਜ ਤੇਰੇ ਰੋਸਿਆਂ ਦਾ ਵੀ
ਆਪਣਾ ਯਥਾਰਥ ਹੈ।
ਤੇਰੇ ਹੱਕ ਤੇ ਆਘਾਤ ਹੈ।
ਪਰ ਇਹ
ਅੱਲ੍ਹੜ ਮੌਸਮ ਦਾ ਸਫਰ

ਤੁਹਾਡੇ ਹੱਥ ਨਹੀਂ ਹੁੰਦਾ।
ਤੇ ਇਹ ਜਰੂਰੀ ਨਹੀਂ
ਅੱਲ੍ਹੜ ਉਮਰੇ ਫੁੱਟੀ ਕਰੂੰਬਲ,
ਸੁਰਮੇ ਵਾਲੀ ਅੱਖ ਤੱਕ ਦਾ
ਸਫਰ ਤੈ ਕਰੇ।

ਉਂਜ ਸੋਚਦਾ ਹਾਂ, ਕਹਾਂ
ਕਿ ਤੇਰੇ ਹਿੱਸੇ ਦੀ
ਇਸ ਸੁਗੰਧੀ ਦਾ ਕੀ ਬਣਿਆ?
ਹੋ ਸਕੇ ਤਾਂ,
ਕਦੀ ਜ਼ਿਕਰ ਕਰੀਂ।



## " ਮੈਂ ਤੇ ਮੈਂ "

ਕਦੀ ਇੰਜ ਵੀ ਹੁੰਦਾ ਹੈ
ਆਪਣੇ ਪ੍ਰਭੂ ਲਈ ਸਮਰਪਣ ਵੀ
ਛੋਟੀ ਜਿਹੀ ਗੱਲ ਜਾਪਦੀ ਹੈ।
ਮਨ ਹੈ ਕਿ ਪਿਘਲ ਜਾਣਾ
ਜਾਂ ਮਿਟ ਜਾਣਾ ਲੋਚਦਾ ਹੈ।
ਪਰ ਮਿਟ ਗਿਆਂ ਦਾ
ਕੋਈ ਮੁੱਲ ਨਹੀਂ ਪੈਦਾ।
ਵਜੂਦ ਨਹੀਂ ਰਹਿੰਦਾ।
ਆਪਣੇ ਲਈ ਜੀਣ ਦਾ
ਅਹਿਸਾਸ ਹੀ ਮੁੱਕ ਜਾਂਦਾ ਹੈ।
ਮਹਿਜ਼ " ਤੂੰ " ਹੀ ਰਹਿ ਜਾਂਦਾ ਹੈ।
ਪਰ ਇਹ ਵੀ ਸੱਚ ਹੈ ਕਿ
ਆਪਣੀ " ਮੈਂ " ਲਈ ਵੀ
ਕੁੱਝ ਸਾਹ
ਕੁੱਝ ਅਹਿਸਾਸ
ਸੰਭਾਲਣੇ ਹੀ ਪੈਂਦੇ ਨੇ।
ਬਚਾ ਕੇ ਰੱਖਣੇ ਪੈਂਦੇ ਨੇ।
ਸ਼ਾਇਦ " ਮੈਂ " ਜਾਂ " ਤੂੰ "
ਜਾਂ ਦੋ " ਮੈਂ "(ਆਂ) ਦਾ
ਇਕ ਹੋਣਾ ਹੀ
ਜਿੰਦਗੀ ਦਾ ਯਥਰਾਥ ਨਹੀਂ।
ਹਾਂ,
ਇੱਕ " ਮੈਂ " ਦਾ
ਦੂਜੀ " ਮੈਂ " ਦਾ
ਹੱਥ ਫੜ ਕੇ
ਜਿੰਦਗੀ ਦੇ ਰਾਹਾਂ 'ਤੇ
ਜਿੱਥੋ ਤੱਕ ਸੰਭਵ ਹੋ ਸਕੇ,
ਸ਼ਾਇਦ ਆਖਰੀ ਸਾਹਾਂ ਤੱਕ
ਹਮਕਦਮ ਹੋਣਾ ਹੀ
ਜਿੰਦਗੀ ਦੀ ਸਾਰਥਿਕਤਾ
ਹੋ ਸਕਦੀ ਹੈ।

ਰਾਹਾਂ 'ਤੇ ਤੁਰਦਿਆਂ
ਪੈਰਾਂ 'ਚ ਚੁਭਦੇ
ਕੰਡਿਆਂ ਦੀ ਚੀਸ ਦੀ
ਸਾਹਾਂ ਦੀ ਮਹਿਕ ਦੀ
ਸਾਂਝ ਹੀ
ਜੀਵਨ ਹੈ।
ਇਸ ਸਾਂਝ ਵਿਚੋਂ
ਮਿਲਿਆ ਸਕੂਨ ਹੀ
ਮੁਹੱਬਤ ਹੈ।



## ਕੀ ਨਾਂ ਦੇਈਏ

ਕੀ ਨਾਂ ਦੇਈਏ
ਉਸ ਛਿਣ ਭੰਗਰੀ ਜਿਹੀ
ਅਲ੍ਹੜ ਹਵਾ ਦੀ ਮਹਿਕ ਨੂੰ
ਜੋ ਆਏ ਹਵਾ ਦੇ ਬੁੱਲੇ ਵਾਂਗ
ਪਤਾ ਨਹੀਂ ਕਿੱਧਰ ਤੁਰ ਜਾਂਦੀ ਹੈ।

ਇਹ ਵੀ ਕੀ ਬਿਡੰਬਨਾ ਹੈ
ਕਿ ਅਸੀਂ ਸਾਰੀ ਉਮਰ
ਉਸ ਮਹਿਕ ਨੂੰ
ਸੁਪਨਿਆਂ ਵਿੱਚ ਵੀ
ਲੱਭਦੇ ਰਹਿੰਦੇ ਹਾਂ।

ਪਤਾ ਹੈ
ਬਹੁਤ ਵਕਤ ਬੀਤ ਗਿਆ ਹੈ
ਅਲ੍ਹੜ ਹਵਾ
ਹੁਣ ਅਲ੍ਹੜ ਨਹੀਂ ਰਹੀ,
ਤੇ ਉਹ ਮਹਿਕ ਵੀ
ਉਹ ਨਹੀਂ ਰਹੀ ਹੋਵੇਗੀ।
ਪਰ ਕਿਤੇ, ਫਿਰ ਵੀ
ਸਾਡੀ ਤਲਾਸ਼ ਪਤਾ ਨਹੀਂ ਕਿਉਂ
ਉੱਥੇ ਹੀ ਖੜੀ ਕਿਉਂ ਰਹਿੰਦੀ ਹੈ।
ਸ਼ਾਇਦ ਜਾਰੀ ਰਹਿੰਦੀ ਹੈ।

## ਬਹੁਤ ਰਾਤਾਂ ਬੀਤੀਆਂ ਨੇ

ਬਹੁਤ ਰਾਤਾਂ ਬੀਤੀਆਂ ਨੇ
ਅੱਖਾਂ ਹੀ ਅੱਖਾਂ ਵਿੱਚ
ਉਂਜ ਸੁਪਨੇ ਵੀ ਮਰੇ ਨਹੀਂ
ਕਦਮਾਂ ਵਿੱਚ ਵੀ
ਅਜੇ ਜਾਨ ਬਾਕੀ ਹੈ
ਆਓ
ਦਿਲ ਦੀ ਵੀ ਕੁੱਝ ਸੁਣੀਏ
ਕੁਝ ਰਾਹਾਂ ਨੂੰ ਪੁੱਛੀਏ।
ਤੁਰੀਏ।

ਸੂਰਜ ਡੁੱਬਣ ਤੋਂ ਪਹਿਲਾਂ
ਅੱਖਾਂ 'ਚ ਸੁਨਹਿਰੀ ਰੰਗ ਭਰ ਕੇ
ਜਿੰਦਗੀ ਨੂੰ ਮੁਖਾਤਿਬ ਹੋਈਏ
" ਤੂੰ ਕੰਜੂਸ ਹੋ ਸਕਦੀ ਹੈਂ
ਐ ਜਿੰਦਗੀ
ਪਰ ਸਾਡਾ ਦਾਮਨ ਵੀ
ਛੋਟਾ ਨਹੀਂ ਹੈ
ਤੇ ਤੂੰ ਵੀ
ਖਾਲੀ ਹੱਥ ਨਹੀਂ ਹੈਂ। "
ਬਹੁਤ ਰਾਤਾਂ ਬੀਤੀਆਂ ਨੇ
ਅੱਖਾਂ ਹੀ ਅੱਖਾਂ ਹੀ ਵਿੱਚ
ਉਂਜ ਸੁਪਨੇ ਵੀ ਮਰੇ ਨਹੀਂ।



## ਦੌਲਤ

ਇੱਕ ਸਮਾਂ ਹੁੰਦਾ ਹੈ ਜਦੋਂ
ਦਰਦ
ਘੁਲ ਜਾਂਦਾ ਹੈ ਸਾਹਾਂ ਵਿੱਚ
ਤੁਹਾਡੇ ਅਸਤਿਤਵ ਵਾਂਗ
ਤੁਹਾਡੇ ਹਰ ਕਰਮ ਦੇ ਨਾਲ,
ਸਾਏ ਵਾਂਗ ਤੁਰਦਾ ਹੈ,
ਖੁਸ਼ਬੂ ਬਣ ਮਹਿਕਦਾ ਵੀ ਹੈ
ਕਦੀ।
ਕਦੀ,
ਬਹੁਤ ਕੁੱਝ ਲੂਹ ਵੀ ਜਾਂਦਾ ਹੈ।
ਪਤਾ ਨਹੀਂ,
ਇਹ ਵਰ ਹੈ
ਜਾਂ ਸਰਾਪ
ਕਿ ਤੁਸੀਂ
ਇਸ ਨੂੰ ਛੱਡ ਵੀ ਨਹੀਂ ਪਾਉਂਦੇ,
ਨਾ ਇੱਹ ਤੁਹਾਨੂੰ ਛੱਡਦਾ ਹੈ।
ਪਤਾ ਹੀ ਨਹੀਂ ਲੱਗਦਾ
ਮਨ ਕਦੋਂ ਅਚੇਤ ਹੀ
ਸੰਭਾਲਣ ਲੱਗ ਜਾਂਦਾ ਹੈ
ਉਸਨੂੰ
ਦੌਲਤ ਵਾਂਗ।

## ਤੁਰਨ ਲਈ

ਕਾਗਜ਼ੀ ਅੱਖਰ
ਜਦ ਕਰਦੇ ਨੇ
ਪਖੰਡ
ਧਰਤੀ ਨੂੰ ਚੁੰਮਣ ਦਾ
ਡਿੱਗ, ਪੈਂਦੇ ਨੇ
ਲੜ-ਖੜਾ ਕੇ।

ਤੁਰਨ ਲਈ
ਲੋੜ ਹੁੰਦੀ ਹੈ
ਪੈਰਾਂ ਦੀ,
ਦਮ ਦੀ
ਮਿੱਟੀ ਦੀ ਸਮਝ ਦੀ,
ਮਾਂ ਦੇ ਹੰਝੂਆਂ ਦੀ,
ਬਾਪੂ ਦੇ ਸੁਪਨਿਆਂ ਦੀ,
ਹਵਾ ਦੀ ਕਨਸੋਅ ਦੀ,
ਨਾਲ ਤੁਰਦੇ ਕਦਮਾਂ
ਦੀ ਤਾਸੀਰ ਦੀ।

ਕਾਗਜੀ ਅੱਖਰ
ਜਦੋਂ ਕਰਦੇ ਨੇ
ਪਖੰਡ
ਧਰਤੀ ਨੂੰ ਚੁੰਮਣ ਦਾ
ਡਿੱਗ ਪੈਂਦੇ ਨੇ
ਲੜ ਖੜਾ ਕੇ।
ਜਦੋਂ ਭਗਵਾਨ ਵੀ ਬੇਵੱਸ ਹੋਇਆ

ਇੱਕ ਦਰਾਵਿੜ ਰਾਜਕੁਮਾਰੀ ਨੇ
ਇੱਕ ਆਰੀਆ ਰਾਜਕੁਮਾਰ ਨਾਲ
ਜੀਵਨ ਸਾਥ ਦਾ ਸੁਪਨਾ ਪਾਲਿਆ।
ਤੇ ਸਜ਼ਾ ਤਾਂ
ਸੁਪਨਿਆਂ ਨੂੰ ਮਿਲਦੀ ਹੀ ਹੈ।



ਉਸ ਨੂੰ ਵੀ ਮਿਲੀ।
ਉਸ ਦਾ ਨੱਕ-ਕੱਟ ਕੇ
ਉਸਨੂੰ ਅਪਮਾਨਿਤ ਕੀਤਾ ਗਿਆ।
ਦੂਜੇ ਸੁਲਤਾਨ ਨੇ
ਇੱਕ ਇਸਤਰੀ ਦਾ ਅਪਹਰਣ
ਕਰਨ ਦਾ ਗੁਨਾਹ ਤਾਂ ਕੀਤਾ
ਪਰ ਉਸਦੀ ਅਸਮਤ ਦਾ
ਪੂਰਾ ਸਨਮਾਨ ਕੀਤਾ।
ਕੋਈ ਠੇਸ ਨਹੀਂ ਪਹੁੰਚਾਈ।
ਫਿਰ ਵੀ
ਖਲ਼ਨਾਇਕ ਕਹਿਲਾਇਆ।

ਇਕ ਹੋਰ ਰਾਜਕੁਮਾਰ ਨੇ
ਸੱਤਾ ਦੇ ਨਸ਼ੇ ਵਿੱਚ
ਆਪਣੇ ਹੀ ਪ੍ਰੀਵਾਰ ਦੀ
ਔਰਤ ਨੂੰ
ਇੱਕ ਨਿੱਕੇ ਜਿਹੇ
ਆਪਣੇ ਅਪਮਾਨ ਬਦਲੇ
ਉਸਦੇ ਪਤੀਆਂ ਅਤੇ
ਆਪਣੇ ਪਿਓ-ਦਾਦਿਆਂ ਦਾ ਸਾਹਮਣੇ
ਆਪਣੇ ਰਾਜਦਰਬਾਰੀਆਂ ਨਾਲ
ਭਰੀ ਆਪਣੀ ਰਾਜ ਸਭਾ ਵਿੱਚ ਹੀ
ਨਿਰਵਸਤਰ ਕਰ
ਅਪਮਾਨਿਤ ਕੀਤਾ।
ਰਾਜ ਸਭਾ ਵਿੱਚ
ਸਿਰਫ ਸੱਨਾਟਾ ਛਾਇਆ
ਸੂਰਬੀਰਾਂ ਨੂੰ ਸਕਤਾ ਮਾਰ ਗਿਆ
ਤੇ ਕੋਈ ਜ਼ੁਬਾਨ ਵੀ
ਖੁਹਲ ਨਹੀਂ ਪਾਇਆ।
ਭਗਵਾਨ ਕੋਲੋਂ ਵੀ
ਇੰਨਾਂ ਹੀ ਸਰਿਆ
ਬੱਸ ਉਸ ਨੂੰ ਢਕ ਹੀ ਪਾਇਆ।
ਸੁਦਰਸ਼ਨ ਚੱਕਰ

ਘੂਕ ਨੀਂਦ ਸੁੱਤਾ ਰਿਹਾ।

ਬੜੇ ਵੱਡੇ ਪ੍ਰਪੰਚ ਅਤੇ
ਫਲਸਫੇ ਦੇ ਮੰਥਨ ਉਪਰੰਤ ਹੀ
ਕੁਰੂਖੇਤਰ ਦੇ ਮੈਦਾਨ ਵਿੱਚ
ਅਰਜੁਨ ਦੀ ਆਤਮਾ ਜਾਗੀ,
ਸੁਦਰਸ਼ਨ ਚੱਕਰ ਦੀ
ਨੀਂਦ ਖੁੱਲ੍ਹੀ
ਤੇ ਆਪਣਾ ਜੌਹਰ ਵਿਖਾਇਆ।

ਸਾਡੀ ਸੱਭਿਅਤਾ
ਸਾਡੀ ਆਸਥਾ
ਸਾਡੇ ਮਹਾਨ ਨੈਤਿਕਤਾ ਦੇ ਦਾਅਵੇ
ਹੁਣ ਇੰਜ ਕਰਦੇ ਨੇ
ਔਰਤ ਦੇ ਅਪਹਰਣ ਬਦਲੇ
ਉਸਦੇ ਅਤੇ ਉਪਰੰਤ ਵੀ
ਸਦੀਆਂ ਤੋਂ ਹਰ ਸਾਲ
ਸਰੇ ਬਾਜਾਰ
ਬੜੇ ਢੋਲ-ਢੱਮਕੇ ਨਾਲ
ਫੂਕਦੇ ਨੇ ਉਸਦਾ ਪੁਤਲਾ।
ਬੁਰਿਆਈ ਉੱਤੇ ਚੰਗਿਆਈ ਦੀ
ਜਿੱਤ ਦਾ ਜਸ਼ਨ ਮਨਾਉਂਦੇ ਨੇ।

ਪਰ ਆਪਣੇ ਉਸ ਰਾਜਕੁਮਾਰ
ਜਿਸ ਦੇ ਸਾਹਮਣੇ
ਭਗਵਾਨ ਵੀ ਬੇਬੱਸ ਹੋਇਆ
ਦਾ ਜਿਕਰ ਵੀ ਨਹੀਂ ਕਰਦੇ।
ਪੁਤਲਾ ਫੂਕਣਾ ਤਾਂ
ਬੜੇ ਦੂਰ ਦੀ ਗੱਲ ਹੈ।
ਉਹ ਆਪਣਾ ਜੋ ਹੈ।
ਆਰੀਆ ਭਰਾ।



## ਦਵੰਦ

ਹੋਂਦ ਅਤੇ ਅਣਹੋਂਦ ਵਿੱਚਕਾਰ
ਕੁੱਝ ਹੈ ਜੋ ਨਹੀਂ ਵੀ ਹੈ।
ਸਵੈ ਨੂੰ ਸਵੀਕਾਰ ਵੀ ਨਹੀਂ ਹੁੰਦਾ
ਨਕਾਰ ਵੀ ਨਹੀਂ ਹੁੰਦਾ।
ਧੁੰਦ ਅਤੇ ਚਾਨਣੀ ਵਿੱਚਕਾਰ
ਇੱਕ ਰਸਤਾ ਹੈ ਜੋ ਨਹੀਂ ਵੀ ਹੈ।
ਜੀਵਨ 'ਚ ਬਾਕੀ ਇੱਕ ਚਿਣਗ
ਜੋ ਹੈ ਵੀ ਨਹੀਂ ਵੀ ਹੈ।
ਇਹ ਮਨ ਦੀ ਕੈਸੀ ਦਿਸ਼ਾ ਹੈ
ਦਸ਼ਾ ਹੈ
ਸ਼ਾਇਦ ਇਸ ਵਿਚੋਂ
ਕੁਝ ਕਰਵਟ ਲਵੇ ਸਾਰਥਿਕ ਜਿਹਾ,
ਇੱਕ ਆਸ ਹੈ ਵੀ
ਜੋ ਨਹੀਂ ਵੀ ਹੈ।

## ਚਿੱੜੀ ਵਿਚਾਰੀ ਕੀ ਕਰੇ

" ਚਿੱੜੀ ਵਿਚਾਰੀ ਕੀ ਕਰੇ "

ਕਦੀ ਕਿਹਾ ਜਾਂਦਾ ਸੀ
ਰਿਸ਼ਤੇ ਹੁੰਦੇ ਨੇ
ਕੱਚੀਆਂ ਤੰਦਾ ਵਰਗੇ।
ਉਹ ਭਲੇ ਵੇਲੇ ਹੁੰਦੇ ਸੀ,
ਕੱਚੀਆਂ ਤੰਦਾ ਦੀ ਪਕੜ
ਪਰ ਜਕੜੀ ਰੱਖਦੀ ਸੀ
ਪੂਰੇ ਤਾਣੇ-ਬਾਣੇ ਨੂੰ।
ਕਦਰ ਹੁੰਦੀ ਸੀ
ਰਿਸ਼ਤੇ ਨੂੰ ਰਿਸ਼ਤੇ ਦੀ
ਮੋਹ ਹੁੰਦਾ ਸੀ
ਵੱਡੇ ਛੋਟੇ ਦਾ।
ਹੁਣ ਅਸੀਂ ਹੋ ਗਏ ਹਾਂ
"ਮਾਡਰਨ "
ਰਿਸ਼ਤਿਆਂ 'ਚ ਦਮ ਘੁਟਦਾ ਹੈ।
" ਤਰੱਕੀ ਪਸੰਦ ਹਾਂ "
ਫਜ਼ੂਲ ਦੀਆਂ ਗੱਲਾਂ ਵਿੱਚ
ਸਮਾਂ ਬਰਬਾਦ ਨਹੀਂ ਕਰਦੇ।
ਇੱਕ ਆਵਾਰਗੀ ਵਰਗੇ
ਚਲਨ ਦਾ ਨਾਂ ਹੋ ਗਿਆ ਹੈ।
" ਆਜ਼ਾਦੀ "
ਚਿੜੀਆਂ ਕਿਸ ਬਲਾ ਦਾ ਨਾਂ ਹੈ?
ਕਿਸੇ ਨੂੰ ਪਤਾ ਨਹੀਂ।
ਟਾਹਲੀਆਂ ਕਿੱਕਰਾਂ
ਗੱਲਾਂ ਨੇ
ਕਿਸੇ ਪੁਰਾਣੇ ਫੈਸ਼ਨ ਦੀਆਂ
ਚਿੜੀ ਹੁਣ ਆਲ੍ਹਣਾ ਬਣਾਵੇ ਕਿੱਥੇ?
ਕਾਫੀ ਹੈ ਮਨੀ ਪਲਾਂਟ ਹੀ
ਡਰਾਇੰਗ ਰੂਮ ਵਿੱਚ।



ਗੱਲ ਤਾਂ ਚਿੜੀਆਂ ਦੀ ਸੀ
ਕਿੱਥੇ ਸਾਹ ਲਵੇ ਉਹ?
ਕਿੱਥੇ ਪਰ ਫੈਲਾਏ
ਕਿੱਥੇ ਲਾਵੇ ਉਡਾਰੀ?
ਹਾਂ ਸੱਚ
ਕੌਣ ਭਾਰ ਢੋਵੇ ਅੱਜ ਕੱਲ੍ਹ
ਇੰਨ੍ਹਾ ਭਾਵੁਕ ਗੱਲਾਂ ਦਾ।
ਰਿਸ਼ਤੇ, ਨੈਤਿਕਤਾ, ਇਨਸਾਨੀਅਤ
ਬੀਤੇ ਦੀਆਂ ਗੱਲਾਂ ਨੇ
ਅੱਜ ਦਾ ਈਮਾਨ ਤਾਂ ਹੈ
ਪੈਸਾ, ਮੌਕਾਪ੍ਰਸਤੀ, ਸਵਾਰਥ
ਕਮੀਨਗੀ, ਹਵਸ।

ਮੈਨੂੰ ਪਤਾ ਹੈ ਕਿ ਤੁਹਾਡੇ
ਮੱਥੇ ਦੀ ਤਿਉੜੀ ਕਹਿ ਰਹੀ ਹੈ
ਗੱਲਾਂ ਤਾਂ ਚਿੜੀਆਂ ਦੇ
ਦੁੱਖ-ਦਰਦ, ਘੁਟਣ
ਅਤੇ ਅਸਮਤ ਦੀ ਹੈ।
ਰਿਸ਼ਤਿਆਂ ਦੀ ਜਰਜਰਤਾ ਹੈ।
ਆਪਣਿਆਂ ਦੇ ਪਹਿਨੇ
ਮੁਖੌਟਿਆਂ ਦੀ ਹੈ।
ਤੇ ਮੈਂ
ਮੁੱਦੇ ਤੋਂ ਪਰੇ ਜਾ ਰਿਹਾ ਹਾਂ।
ਅਸਲ 'ਚ
ਇਹ ਅਹਿਸਾਸ ਹੀ
ਸਿਰ ਚੁੱਕ ਰਿਹਾ ਹੈ
ਮੇਰੇ ਅੰਦਰ ਵੀ
ਗੁਨਾਹਗਾਰ ਹੋਣ ਦਾ।
ਤੇ ਇਹ ਕਹਿਣ ਦਾ ਜੇਰਾ ਵੀ
ਜੁਟਾ ਪਾਉਣਾ
ਔਖਾ ਹੋ ਰਿਹਾ ਹੈ ਕਿ
" ਚਿੜੀਏ
ਤੇਰਾ ਕੌਣ ਵਿਚਾਰਾ ਹੋ "

ਪਰ ਦੁੱਲਾ ਭੱਟੀ ਵਾਲਾ
ਕਿੱਥੋਂ ਲਿਆਈਏ
ਲੱਭ ਕੇ ?

ਚਿੜੀਏ
ਸਮਾਂ ਕਰਵਟ ਲੈ ਰਿਹਾ
ਲਾਹ ਛੱਡ
ਸਾਰੇ ਬੋਝ
ਸਾਰੀ ਦੁਵਿਧਾ
ਕਰ ਹੌਂਸਲਾ ਬੁਲੰਦ ਹੋਰ
ਛੋਹ ਲੈ ਸਫਰ
ਚਿੜੀਆਂ ਤੋਂ
ਬਾਜ ਹੋਣ ਦਾ
ਨਹੀਂ ਇੱਥੇ ਤੇਰਾ ਕੋਈ
" ਕੌਣ ਵਿਚਾਰਾ
ਦੁੱਲਾ ਭੱਟੀ ਵਾਲਾ "



## ਲੀਹਾਂ ਤੋਂ ਹਟਕੇ

ਲੀਹਾਂ 'ਤੇ
ਚੱਲਣ ਵਾਲੇ ਵੀ
ਪਹੁੰਚਦੇ ਨੇ ਮੰਜ਼ਿਲ ਤੇ
ਜ਼ਰੂਰ
ਪਰ ਇਹ ਮੰਜ਼ਿਲ
ਲੀਹਾਂ ਹੀ
ਨਿਸਚਿੱਤ ਕਰਦੀਆਂ ਨੇ।

ਨਵੇਂ ਆਯਾਮ
ਨਵੀਆਂ ਮੰਜ਼ਿਲਾਂ,
ਨਵੇਂ ਮਰਹਲੇ,
ਅਨੰਤਤਾ ਦਾ ਕਲਾਵਾ,
ਜਿੱਥੇ
ਆਪਣਾ ਆਪ
ਜਾਪੇ ਬਦਲਿਆ ਬਦਲਿਆ।
ਜਿੱਥੇ ਹੋਵੇ ਬੰਦਾ
ਆਪਣੀ ਰੂਹ ਦੇ ਰੂ-ਬ-ਰੂ
ਆਪ ਹੀ ਆਪ।
ਹਵਾ ਦੀ ਮਹਿਕ
ਹੋਰ ਹੀ ਹੋਰ
ਪਾਣੀ ਦੀ ਸੀਤਲਤਾ
ਵੱਖਰੀ-ਵੱਖਰੀ।
ਅਣਡਿੱਠੇ ਸੁਪਨਿਆਂ ਦਾ
ਸੰਸਾਰ ਹੋਰ।
ਇਹ ਸਭ ਹੁੰਦਾ ਹੈ
ਉਨ੍ਹਾਂ ਲਈ
ਜੋ ਫੜ ਉਂਗਲ
ਜ਼ਿੰਦਗੀ ਦੀ
ਆਪਣੀ ਸੋਚ ਦੀ
ਛੋਹ ਲੈਂਦੇ ਨੇ
ਸਫਰ ਫਕੀਰੀ,
ਅਣਡਿੱਠੀਆਂ

ਰਾਹਾਂ ਦਾ।
ਹੋ ਜਾਂਦੇ ਨੇ
ਮਾਲਾ ਮਾਲ
ਨਵੀਂ ਸਮਝ ਦੀ
ਦੌਲਤ ਨਾਲ।
ਜਿਹੜੇ
ਲੀਹਾਂ ਤੋਂ ਹਟਕੇ
ਚੱਲਦੇ ਨੇ
ਉਹੀ ਆਪਣੀ ਮੰਜ਼ਿਲ
ਆਪ ਸਿਰਜਦੇ ਨੇ।

ਲੀਹਾਂ 'ਤੇ
ਚੱਲਣ ਵਾਲੇ ਵੀ
ਪਹੁੰਚਦੇ ਨੇ ਮੰਜ਼ਿਲ 'ਤੇ
ਜ਼ਰੂਰ
ਪਰ ਇਹ ਮੰਜ਼ਿਲ
ਲੀਹਾਂ ਹੀ ਨਿਸ਼ਚਿੱਤ ਕਰਦੀਆਂ ਨੇ।

## ਖ਼ਬਰ ਕਰੀਂ

ਜੋ ਲਮਹਾ ਬੀਤ ਗਿਆ
ਕੋਈ ਸ਼ੱਕ ਨਹੀਂ,
ਮੈਂ ਉਦੋਂ ਵੀ ਸਾਂ।
ਇਹ ਲਮਹਾ ਜੋ ਚੱਲ ਰਿਹਾ
ਕੋਈ ਸ਼ੱਕ ਨਹੀਂ
ਮੇਰੇ ਹੱਥ ਵਿੱਚ ਹੈ।
ਆਉਣ ਵਾਲੇ
ਲਮਹੇ ਦੀ ਤਾਸੀਰ
ਤਾਂ ਕਦੀ ਕੋਈ
ਨਹੀਂ ਜਾਣ ਸਕਿਆ।
ਗੱਲ ਤਾਂ
ਇੰਨੀ ਕੁ ਹੀ ਸੀ ਕਿ
ਕਿਹੜਾ ਲਮਹਾ



ਮੈਂ ਜੀ ਪਾਇਆ?
ਅਤੇ ਸੱਚ
ਤਾਂ ਇਹ ਵੀ ਹੈ ਕਿ
ਇਸ ਦੀ ਖਬਰ ਤਾਂ
ਤੇਰੀਆਂ ਹੀ
ਧੜਕਣਾਂ ਕੋਲ ਹੈ।
ਹੋ ਸਕੇ ਤਾਂ
ਖਬਰ ਮੈਨੂੰ ਵੀ ਕਰੀਂ।
ਤੇ ਮੇਰਾ ਕੱਲ੍ਹ
ਸਿਰਜ ਦੇਵੀਂ।

## ਇਨਸਾਨ ਹੋਣ ਦਾ ਆਦਰਸ਼

ਹਰ ਕਵੀ
ਸੰਤ ਨਹੀਂ ਹੁੰਦਾ
ਅਤੇ ਹਰ ਸੰਤ ਵੀ
ਕਵੀ ਨਹੀਂ ਹੁੰਦਾ
ਪਰ ਮਨੁੱਖੀ ਮਨ
ਅਤੇ ਜੀਵਨ ਵਿਚਲੀ
ਮਾਰਮਿਕਤਾ, ਸੂਖਮਤਾ
ਸੰਵੇਦਨਸ਼ੀਲਤਾ
ਅੰਦਰਲੀ ਟੁੱਟ ਭੱਜ
ਵਕਤ ਦੀ ਮਾਰ
ਰਾਹਾਂ ਦਾ ਯਥਾਰਥ
ਆਸ਼ਾ ਨਿਰਾਸ਼ਾ
ਹੋਣ ਥੀਣ ਦੀ
ਜੱਦੋ-ਜਹਿਦ
ਅਤੇ ਸੱਚ ਦੀਆਂ ਬਾਰੀਕੀਆਂ
ਦੇ ਰੂ-ਬ-ਰੂ ਹੋਣ ਲਈ
ਇੱਕ ਸੰਤ ਦੇ ਅੰਦਰ
ਇੱਕ ਕਵੀ ਦਾ ਵਾਸ ਹੋਣਾ
ਅਤੇ ਇੱਕ ਮਨੁੱਖ ਲਈ
ਇੱਕ ਇਨਸਾਨ ਹੋਣ ਦੇ
ਆਦਰਸ਼ ਦਾ
ਹੋਣ ਥੀਣ ਦਾ ਨਾਂ ਹੀ ਹੈ
ਸੰਤ ਹੋਣਾ



## ਅਲਵਿਦਾ ਕਹਿਣ ਤੋਂ ਪਹਿਲਾਂ

ਅਲਵਿਦਾ ਕਹਿਣ ਤੋਂ ਪਹਿਲਾਂ
ਸੁਣ ਕਰਿਸ਼ਨਾ
ਤੇਰੇ ਪੈਰਾਂ ਦੀ ਬੇੜੀ ਤਾਂ ਨਹੀਂ ਹਾਂ
ਜੋ ਮੈਂ
ਤੈਨੂੰ ਰੋਕ ਸਕਾਂ।
ਮੈਨੂੰ ਪਤਾ ਹੈ, ਮੇਰੇ ਰੋਕਿਆਂ
ਤੂੰ ਰੁੱਕਣਾ ਵੀ ਨਹੀਂ।

ਹਿਰਦੇ ਦੀ ਤੜਪਣ,
ਬੀਤੇ ਦੇ ਸਫਰ ਦੀ
ਮਨ ਦੀ ਟੀਸ,
ਦੌਲਤ ਹੀ ਤਾਂ ਹੈ ਮੇਰੀ।
ਤੇ ਇਹ ਸਿਲਾ ਵੀ ਮਾੜਾ ਨਹੀਂ,
ਕਿ ਤੁਰਨ ਲੱਗਿਆਂ
ਤੇਰੇ ਬੁਲ੍ਹਾਂ ਤੇ ਮੁਸਕੁਰਾਹਟ ਹੋਵੇ
ਅੱਖਾਂ 'ਚ ਨਾ ਹੋਵੇ ਪਛਤਾਵਾ ਕੋਈ।
ਪਰ ਵਾਅਦਾ ਕਰ
ਆਉਣ ਵਾਲੇ ਲਮਹਿਆਂ
ਦੀ ਦਸਤਕ,
ਵਣਾਂ 'ਚ ਗੂੰਜਦੀ
ਤੇਰੀ ਬੰਸਰੀ ਦੀ
ਸਵਰ ਲਹਿਰੀ ਤੇ
ਹਾਵੀ ਨਾ ਹੋਵੇ।

ਇਹ ਗੱਲ ਵੱਖਰੀ ਹੈ ਕਿ
ਤੂੰ ਪਰਤ ਕੇ ਨਹੀਂ ਵੇਖਣਾ
ਅਤੇ ਸਾਡੇ ਸਾਹਾਂ ਨੇ
ਤੇਰੀਆਂ ਪੈੜਾਂ ਨੂੰ
ਅੱਖਾਂ ਤੋਂ ਓਹਲੇ
ਹੋਣ ਵੀ ਨਹੀਂ ਦੇਣਾ।
ਅਲਵਿਦਾ ਕਹਿਣ ਤੋਂ ਪਹਿਲਾਂ
ਸੁਣ ਕਰਿਸ਼ਨਾ।

ਤੇਰੇ ਪੈਰਾਂ ਦੀ ਬੇੜੀ ਤਾਂ ਨਹੀਂ ਹਾਂ
ਮੈਂ।



## ਬੁੱਧ

ਮਨ ਦੀ ਬੇਚੈਨੀ
ਉਪਰਾਮਤਾ
ਜੀਵਨ ਦੀ ਤੰਦ
ਫੜਨ ਦੀ ਤੜਪ।

ਛੇ ਗੁਰੂ
ਛੇ ਸਾਲ
ਜੰਗਲ ਦੀ ਭਟਕਣ
ਜਪ ਤਪ ਦੀ
ਤਪਸ
ਹੱਥ ਖਾਲੀ ਦੇ ਖਾਲੀ
ਸ਼ਾਹ ਸੀ ਜੋ ਕਦੀ
ਬੇਬੱਸ ਫਕੀਰ ਹੋ ਗਿਆ।

" ਜ਼ਿੰਦਗੀ ਦੇ ਸਾਜ਼ ਦੀ
ਤਾਰ ਨੂੰ
ਇੰਨਾ ਨਾ ਕਸ
ਕਿ ਟੁੱਟ ਹੀ ਜਾਏ।
ਛੱਡ ਨਾ ਢਿੱਲੀ ਇੰਨੀ ਹੀ
ਕਿ ਤਾਨ ਹੀ ਮੁੱਕ ਜਾਏ "
ਸੁਣ ਇੱਹ ਗੀਤ
ਤੁਰੀ ਜਾਂਦੀ ਗਵਾਲਣ ਦਾ
ਪਿੰਜਰ ਹੋਏ
ਫਕੀਰ ਦੇ ਵਜ਼ੂਦ ਵਿੱਚ
ਜਿਵੇਂ ਬਿਜਲੀ ਕੌਂਦ ਗਈ
ਸਾਰੇ ਭੇਦ ਖੁੱਲ੍ਹ ਗਏ
ਜੀਵਨ ਪਰਤ ਆਇਆ
ਉਲਝੀ ਤਾਣੀ ਦੀ
ਗੁੱਥੀ ਸੁਲਝ ਗਈ
ਚੇਤਨਾ ਨੇ ਲਈ ਅੰਗੜਾਈ
ਸਾਰੇ ਰਾਹ

ਜਿਵੇਂ ਚਾਨਣ-ਚਾਨਣ।

ਕਾਸਾ
ਹੱਥ 'ਚ ਅਜੇ ਵੀ
ਦਰ-ਦਰ ਅਲਖ ਜਗਾਉਂਦਾ
ਸਹਿਜ ਜੀਵਨ ਦਾ
ਚਾਨਣ ਵੰਡਦਾ ਵੇਖੋ
ਫਕੀਰ ਤੋਂ
ਜੱਗ ਦੇ ਮਨਾਂ ਦਾ
ਸ਼ਹਿਨਸ਼ਾਹ ਹੋ ਗਿਆ।
ਗੌਤਮ ਸੀ ਜੋ ਕਦੀ
ਹੋ ਅੱਜ ਬੁੱਧ ਗਿਆ।



## ਦੰਭ

ਇੱਕ ਯੁੱਗ ਹੰਢਾ ਲਿਆ ਹੈ
" ਤੂੰ " ਅਤੇ ਤੇਰੇ ਸਫਰ ਨੇ,
" ਮੈਂ " ਅਤੇ ਮੇਰੇ ਸਫਰ ਨੇ।
ਇਹ ਸੱਚ ਹੀ ਹੈ
ਕਿ ਹੁਣ ਸ਼ੀਸ਼ੇ ਵਿਚ ਤੱਕਿਆਂ
ਉਹ ਕੁੱਝ ਨਜ਼ਰ ਨਹੀਂ ਆਉਂਦਾ।
ਸੱਚ ਤਾਂ ਇਹ ਹੈ ਕਿ ਹੁਣ
ਆਪਣਾ ਆਪ ਹੀ
ਪਹਿਚਾਣਿਆ ਨਹੀਂ ਜਾਂਦਾ।
ਇਹ ਕਸੂਰ ਸ਼ੀਸ਼ੇ ਦਾ ਨਹੀਂ,
ਬੀਤੇ ਵਕਤ ਦਾ ਤਕਾਜ਼ਾ ਹੈ।
ਰਾਹਾਂ ਦੀ ਧੂੜ ਦਾ ਹੈ।
ਤਨ ਤੇ ਮਨ ਦੇ ਸਥੱਲ ਤੇ
ਜਿੱਥੇ ਕਦੀ " ਤੂੰ " ਹੀ " ਤੂੰ " ਸੀ,
ਅੱਜ ਬੀਤੇ ਦੀਆਂ
ਪੈੜਾਂ ਦੇ ਅੰਬਾਰ ਨੇ।
ਧੂੜ ਵੀ ਬੇਸ਼ੁਮਾਰ ਹੈ।
ਤੇ ਇਹ ਸਥੱਲ
ਸੁੰਗੜ ਵੀ ਕਿੰਨਾ ਗਿਆ ਹੈ।

ਬੀਤੇ ਤੱਤੇ ਮੌਸਮਾਂ ਦੀ ਗਾਥਾ
ਕਾਲੀਆਂ ਘਟਾਵਾਂ ਦਾ ਤਾਂਡਵ
ਸਫਰ ਦੇ ਇੱਕ ਯੁੱਗ
ਦਾ ਬੀਤ ਜਾਣਾ
ਫਿਰ ਵੀ ਇੰਹ ਕਹਿਣਾ
ਕਿ ਮੈਂ ਅੱਜ ਵੀ
ਉੱਥੇ ਹੀ ਖੜ੍ਹਾਂ ਹਾਂ,
ਕਿੱਡਾ ਵੱਡਾ
ਇੱਕ ਭੁਲੇਖਾ
ਪਾਲਣਾ ਹੀ ਤਾਂ ਹੈ।
ਸ਼ੀਸ਼ੇ ਨੂੰ

ਝੁਠਿਆਣਾ ਹੀ ਤਾਂ ਹੈ।
ਇੱਕ ਦੰਭ
ਹੰਢਾਉਣਾ ਹੀ ਤਾਂ ਹੈ।

ਇੱਕ ਯੁੱਗ ਹੰਢਾ ਲਿਆ ਹੈ
"ਤੂੰ" ਅਤੇ ਤੇਰੇ ਸਫਰ ਨੇ।
"ਮੈਂ" ਅਤੇ ਮੇਰੇ ਸਫ਼ਰ ਨੇ।



## ਗੁਜਰਾਤ ਫਾਈਲਜ਼
## (ਰਾਣਾ ਅਯੂਬ ਦੀ ਕਿਤਾਬ ਪੜ੍ਹਦਿਆਂ)

ਕੀ ਅਸੀਂ ਬਦਨਸੀਬ ਹਾਂ
ਕਿ ਮਚਲੇ ਜਾਂ ਚੇਤਨਹੀਣ
ਜਾਂ ਮੂਰਖ ਅੰਤਾਂ ਦੇ
ਕਿ ਸੁਪਨਿਆਂ 'ਚ ਗੁਆਚੇ ਅਸੀਂ
ਅੱਛੇ ਦਿਨਾਂ ਦੀ ਆਸ ਵਿੱਚ
ਟਿੱਕ-ਟਿੱਕੀ ਲਾਈ ਬੈਠੇ ਹਾਂ।

ਇਨ੍ਹਾਂ ਮਲਾਹਾਂ ਦੇ ਮੁਖੌਟੇ ਵੀ
ਝੁੱਠਲਾ ਨਹੀਂ ਪਾ ਰਹੇ
ਇਨ੍ਹਾਂ ਦੇ ਦਾਮਨ 'ਤੇ ਪਏ
ਇਨਸਾਨੀਅਤ ਦੇ ਖ਼ੂਨ ਦੇ ਛਿੱਟੇ।

ਕਿਸ਼ਤੀ ਦਾ ਚੱਪੂ ਹਥਿਆਉਣ ਲਈ
ਮਲਾਹ ਤਾਂ ਕੀ ਸਵਾਰਾਂ ਦੀਆਂ ਵੀ
ਕਿੰਨੀਆਂ ਚਿਖਾਵਾਂ 'ਤੇ
ਇਨ੍ਹਾਂ ਨੇ ਹੱਥ ਸੇਕੇ।
ਕਿੰਨਿਆਂ ਦੇ ਅਸਤਾਂ ਨੂੰ
ਪੈਰਾਂ 'ਚ ਮਧੋਲਿਆ।
ਕਿੰਨਿਆਂ ਦੀ ਰਾਖ਼ ਨਾਲ
ਖੇਡ੍ਹੀ, ਹੋਲੀ।
ਕਿੰਨਿਆਂ ਤ੍ਰਿਸ਼ੂਲਾਂ ਨੇ
ਕਿੰਨੇ ਮੁਸੱਲੇ ਹਵਾ 'ਚ ਉਛਾਲੇ।
ਬਾਘੀਆਂ ਕਿਉਂ ਨਾ ਪਾਉਣ ਇਹ।
ਭੁੱÖÖÖÖÖ¶¾ñÇ¶¾ðÕçñਖ, ਗੀਰੀਬ, ਬਿਮਾਰੀ ਅਤੇ
ਸਾਡੀ ਹੋਂਦ
ਸਮਅਰਥੀ ਹੋ ਗਏ ਨੇ।
ਪਰ ਇਹ ਸਭ ਸਾਨੂੰ ਹੁਣ
ਸਤਾਉਂਦਾ ਵੀ ਨਹੀਂ।
ਨਾ ਹੀ ਇਹ ਬੋਝ ਬਣਦਾ ਹੈ।
ਸਾਡੇ ਜ਼ਿਹਨ 'ਤੇ

ਸਾਡੇ ਫਰੀਜ਼ ਹੋ ਜਾਣ ਵਾਂਗ।

ਹਾਂ ਇਨ੍ਹਾਂ ਦੇ ਖਜ਼ਾਨੇ ਭਰਪੂਰ
ਅਤੇ ਇੰਨ੍ਹਾਂ ਦੀ ਕਲਗੀ ਲਹਿਰਾਉਂਦੀ ਹੈ
ਦਿੱਲੀ ਤੋਂ ਵਾਸ਼ਿੰਗਟਨ ਤੱਕ
ਨਤਮਸਤਕ ਹੋਣ ਦੇ ਅਰਥਾਂ ਵਿੱਚ।
ਪਤਾ ਨਹੀਂ
ਅਸੀਂ ਬਦਨਸੀਬ ਹਾਂ
ਮਚਲੇ ਜਾਂ ਚੇਤਨਾਹੀਣ
ਜਾਂ ਅੰਤਾਂ ਦੇ ਮੂਰਖ
ਕਿ ਅਜੇ ਵੀ
ਅੱਛੇ ਦਿਨਾਂ ਦੀ ਆਸ ਵਿੱਚ
ਟਿੱਕ-ਟਿੱਕੀ ਲਾਈ
ਸੁਪਨਿਆਂ ਵਿਚ ਗੁਆਚੇ ਬੈਠੇ ਹਾਂ।
ਸਾਡੀਆਂ ਸੰਵੇਦਨਾਵਾਂ ਜਾਂ ਸਾਡੇ
ਸੁਪਨੇ ਹੀ ਮਰ ਗਏ ਨੇ ਸ਼ਾਇਦ।



## ਮਾਂ

"ਮਾਂ", ਮਾਂ ਹੁੰਦੀ ਹੈ
ਦੇਵੀਸਰੂਪ ਹੁੰਦੀ ਹੈ
ਆਪਦੇ ਜਾਏ ਲਈ
ਪਰ ਇਹ ਵੀ ਨਾ ਭੁੱਲੋ ਕਿ
ਉਹ ਸਮਾਜ ਵਿੱਚ ਵਿਚਰਦੀ
ਇੱਕ ਔਰਤ
ਇੱਕ ਇਨਸਾਨ ਵੀ ਹੁੰਦੀ ਹੈ।

ਹੁੰਦੇ ਨੇ ਉਸਦੇ
ਆਪਣੇ ਦੁੱਖ-ਸੁੱਖ
ਆਪਣੀਆਂ ਸੀਮਾਵਾਂ
ਅਤੇ ਆਪਦੇ ਹਨੇਰੇ ਵੀ।
ਉਹ ਵੀ ਝੇਲਦੀ ਹੈ
ਆਪਣੇ ਆਪ 'ਤੇ,
ਆਪਣੇ ਮਨ 'ਤੇ,
ਆਪਣੇ ਤਨ 'ਤੇ
ਸਮਾਜ ਦੀਆਂ ਮਾਨਤਾਵਾਂ,
ਸਮਾਜ ਦੇ ਉਚ-ਨੀਚ ਨੂੰ ਵੀ।
ਜੀਵਨ ਦੇ ਯਥਾਰਥ ਵਿੱਚ
ਕਿਤੇ ਉਹ ਫਿਸਲ ਵੀ ਸਕਦੀ ਹੈ।
ਤਿੜਕੇ ਮਨ
ਜਖ਼ਮੀ ਅਹਿਸਾਸ
ਜਾਂ ਸੰਵੇਦਨਾਵਾਂ ਦੀ ਟੁੱਟ-ਭੱਜ ਦਾ
ਹੋ ਸ਼ਿਕਾਰ
ਨਿਰਾਸ਼ਾ ਦੀ ਡੂੰਘੀ ਖੱਡ ਵਿੱਚ
ਡਿੱਗ ਵੀ ਸਕਦੀ ਹੈ।

ਠੀਕ ਹੈ ਇਹ ਵੀ ਕਿ
"ਮਾਂ", ਮਾਂ ਹੁੰਦੀ ਹੈ
ਦੇਵੀ ਸਰੂਪ ਹੁੰਦੀ ਹੈ,
ਆਪਣੇ ਜਾਏ ਲਈ

ਪਰ ਇਹ ਵੀ ਨਾ ਭੁੱਲੋ ਕਿ
ਉਹ ਸਮਾਜ ਵਿਚ ਵਿਚਰਦੀ
ਇਕ ਔਰਤ
ਇਕ ਇਨਸਾਨ ਵੀ ਹੁੰਦੀ ਹੈ।



## ਤਿੜ੍ਹਾਂ

ਅੱਜ ਕੱਲ੍ਹ
ਕੱਚੇ ਕੋਠੇ ਤਾਂ ਰਹੇ ਨਹੀਂ,
ਜਿਸ ਦੀ ਛੱਤ ਉੱਤੇ
ਘਾਹ ਫੂਸ ਉੱਗਦਾ।
ਬਰਸਾਤਾਂ 'ਚ
ਛੱਤਾਂ ਚੋਂਦੀਆਂ।
ਮਾਂ ਦੁਖੀ ਹੁੰਦੀ
ਮੈਂ ਵੀ ਘਬਰਾਉਂਦੀ
ਬਾਪੂ ਦੇ ਮੱਥੇ 'ਤੇ ਵੀ
ਚਿੰਤਾ ਦੀਆਂ ਲਕੀਰਾਂ ਉੱਭਰਦੀਆਂ
ਪਰ ਉਹ ਛੱਤ ਦੀਆਂ ਮੋਰੀਆਂ ਪੂਰਦਾ
ਕਦੀ ਡੋਲਦਾ ਨਾ।
" ਮੇਰੀ ਸੁਹਣੀ ਧੀ
ਕਿਉਂ ਘਬਰਾਏ " ਕਹਿ
ਜਦੋਂ ਉਹ ਸਿਰ ਪਲੋਸਦਾ
ਤਾਂ ਮਨ ਸਕੂਨ ਵਿੱਚ ਆ ਜਾਂਦਾ।

ਹੁਣ ਕੱਚੇ ਕੋਠੇ ਨਹੀਂ ਰਹੇ
ਉੱਗ ਆਈਆਂ ਨੇ
ਕਈ ਕਈ ਮੰਜ਼ਲੀ ਕੋਠੀਆਂ
ਇਨ੍ਹਾਂ ਅੰਦਰ ਵਾਸ ਹੈ
"ਅਕਲਾਂ" ਦਾ
"ਕਲਗੀਆਂ" ਦਾ,
ਕੁਰਸੀ ਬਰਦਾਰਾਂ ਦਾ,
ਸ਼ਰਾਫਤ ਅਤੇ
ਨੈਤਿਕਤਾ ਦੇ
ਮੁਖੌਟਿਆਂ ਵਾਲੇ
ਅਲੰਬਰਦਾਰਾਂ ਦਾ।

ਘਾਹ, ਫੂਸ ਹੁਣ
ਛੱਤੇ ਤੇ ਨਹੀਂ
ਮਹਿਲਾਂ ਅੰਦਰ ਵਸਦੇ

ਮਨਾਂ 'ਚ ਉੱਗਦਾ ਹੈ।
ਹਵਸ ਦਾ,
ਹਿਰਸ ਦਾ,
ਸਿੱਕਿਆਂ ਦਾ,
ਸਵਾਰਥ ਦਾ
ਤੇ ਇਹ ਸਭ ਕੁੱਝ
ਹਉਮੈ ਦੇ ਲਾਕਰਾਂ ਵਿੱਚ
ਰੱਖਿਆਂ ਜਾਂਦਾ ਹੈ
ਬੜੇ ਇਹਤਿਆਤ ਨਾਲ
ਇਨ੍ਹਾਂ ਮਹਿਲਾਂ ਅੰਦਰ
ਜਦ ਉੱਗਦੀਆਂ ਨੇ
ਉਹ ਤਿੜ੍ਹਾਂ ਵੀ (ਧੀਆਂ ਵੀ)
ਜਿਨ੍ਹਾਂ ਦੀ ਕੱਲ੍ਹ ਨੂੰ
ਜ਼ੁਬਾਨ ਵੀ ਉੱਗੇਗੀ
ਮੱਥੇ 'ਚ ਦੀਵਾ ਵੀ
ਬਲ ਸਕਦਾ ਹੈ
ਸੁਪਨੇ ਵੀ ਕਰਵਟ
ਲੈ ਸਕਦੇ ਨੇ
ਤੇ ਆਪਣੀ ਹੋਂਦ ਦਾ
ਦਾਅਵਾ
ਵੀ ਕਰ ਸਕਦੀ ਹੈ।
ਆਪਣੇ ਹਿੱਸੇ ਦਾ
ਆਸਮਾਨ ਵੀ
ਮੰਗ ਸਕਦੀ ਹੈ।

ਇਸ ਤੋਂ ਪਹਿਲਾਂ ਕਿ
ਇਹ ਉਡਾਰੀ ਭਰੇ
ਖ਼ਤਰੇ ਦੀ ਘੰਟੀ ਵੱਜੇ
ਇਹ ਤਿੜ੍ਹਾਂ
ਟੈਸਟਾਂ ਦੇ ਸਫ਼ਰ ਵਿੱਚ
ਡਾਕਟਰ ਦੇ ਟੇਬਲ ਤੇ
ਦਮ ਤੋੜ ਦਿੰਦੀਆਂ ਨੇ
ਤਾਂ ਕਿ ਮਹਿਲਾਂ ਅੰਦਰਲੇ



ਹਉਮੈਂ ਦੇ ਲਾਕਰਾਂ 'ਚ ਰੱਖਿਆ
ਸਭ ਕੁੱਝ ਸਲਾਮਤ ਰਹੇ।

ਹੁਣ ਉਂਝ
ਉਹ ਕੱਚੇ ਕੋਠੇ ਨਹੀਂ ਰਹੇ
ਜਿੱਥੇ ਇਹ
ਘਾਹ ਫੂਸ ਉੱਗ ਸਕੇ।

## ਧੜਕਦਾ ਅਹਿਸਾਸ

ਉਹ
ਫੇਸਬੁੱਕ 'ਤੇ
ਇੱਕ ਨਾਂ ਹੈ।
ਨਾਂ ਤੋਂ ਅਗਾਂਹ
ਉਹ ਇਕ ਸ਼ਾਇਰਾ ਹੈ।
ਅੰਬਾਰ ਹੈ ਇੱਕ
ਜਜ਼ਬਿਆਂ ਦਾ।
ਅਹਿਸਾਸ ਕੇ
ਸ਼ਿੱਦਤ ਦੀ ਇੱਕ ਝੜੀ ਹੈ
ਹੜ੍ਹ ਹੈ
ਭਾਵਨਾਵਾਂ ਦਾ।
ਨਿਰਮਾਣਤਾ ਕਿ
ਮਿਟ ਜਾਣ ਦੀ ਤਮੰਨਾ।
ਹੌਂਸਲਾ
ਜਿਵੇਂ ਸੰਖਨਾਦ।
ਹਰ ਹਨੇਰੀ ਨਾਲ
ਮੱਥਾ ਲਾਉਣ ਦੀ ਜ਼ੁਰਰੱਤ।
ਸੰਵੇਦਨਸ਼ੀਲਤਾ ਦਾ
ਵਗਦਾ ਦਰਿਆ ਹੈ।
ਮੋਹ ਦੇ ਪਾਣੀਆਂ 'ਚੋਂ
ਚੂਲੀਆਂ ਭਰ-ਭਰ
ਸਭ ਨੂੰ
ਫੇਸਬੁੱਕ 'ਤੇ
ਵੰਡਦੀ ਰਹਿੰਦੀ।
ਆਪਣੀ "ਮੈਂ"
ਮਿਟਾਉਣ ਦਾ
ਸੁਪਨਾ ਪਾਲਦੀ
ਪਤਾ ਨਹੀਂ
ਕਿੰਨੀਆਂ ਕਲਮਾਂ ਦੀ
"ਮੈਂ" ਨੂੰ
ਜੀਵਨ ਦਾਨ ਦੇ ਜਾਂਦੀ ਹੈ।



ਉਹ
ਲਟਬੌਰਾ ਜਿਹਾ
ਲਾਪਰਵਾਹ
ਅਤੇ ਪਾਕ ਜਿਹਾ
ਫੇਸਬੁੱਕ 'ਤੇ
ਇਕ ਨਾਂ ਹੈ।
ਧੜਕਦਾ
ਅਹਿਸਾਸ ਹੈ।

## ਬਹ੍ਰਿਮੰਡ ਦੀ ਸਿਰਜਣਾ
## ਰਿਗਵੇਦ ਅਨੁਸਾਰ

ਉਦੋਂ
ਨਾ ਕੋਈ ਹੋਂਦ ਸੀ,
ਨਾ ਅਣਹੋਂਦ।
ਨਾ ਖਿਲਾਅ ਦੀ
ਕੋਈ ਨਿਸ਼ਾਨਦੇਹੀ ਸੀ।
ਨਾ ਅਨੰਤ ਅਕਾਸ਼ ਸੀ।
ਫਿਰ ਕੀ ਅਤੇ ਕਿੱਥੇ
ਕਿਸੇ ਨੇ ਹਲਚਲ ਕੀਤੀ।
ਉਥੇ ਨਾ ਮੌਤ ਸੀ
(ਨਾ ਵਿਨਸ ਰਿਹਾ ਸੀ)
ਨਾ ਸਦੀਵਤਾ ਸੀ।
ਨਾ ਪ੍ਰਤੱਖ ਕੋਈ ਨਿਸ਼ਾਨ ਸੀ
ਦਿਨ ਰਾਤ ਦਾ।
ਕੁੱਝ ਸੀ
ਜੋ ਬਿਨਾਂ ਹਵਾ ਤੋਂ
ਆਪਣੇ ਹੀ ਆਵੇਗ ਵਿੱਚ
ਸਾਹ ਲੈ ਰਿਹਾ ਸੀ।
ਇਸ ਤੋਂ ਸਿਵਾ,
ਇਸ ਤੋਂ ਪਾਰ
ਕੁੱਝ ਵੀ ਹੋਰ ਨਹੀਂ ਸੀ,
ਹਨੇਰਾ ਹੀ ਸੀ ਪਹਿਲਾਂ
ਹਨੇਰੇ ਦੇ ਹੇਠ ਲੁਕਿਆ,
ਬਿਨਾਂ ਕਿਸੇ ਪ੍ਰਤੱਖਤਾ
ਨਿਰਾ ਪਾਣੀ ਹੀ ਸੀ।
ਤਪਸ਼ ਦੇ ਆਵੇਗ ਨਾਲ
ਕੁੱਝ ਹੋਂਦ ਵਿੱਚ ਆਇਆ।
ਸੱਚੀਂ!
ਕੌਣ ਜਾਣਦਾ ਹੈ?
ਕੌਣ ਇਸ ਦਾ ਐਲਾਨ ਕਰੇਗਾ
ਕਦੋਂ ਘੜਿਆ ਗਿਆ



ਕਦੋਂ ਹੋਂਦ ਵਿੱਚ ਆਇਆ।
ਈਸ਼ਵਰ ਤਾਂ ਮਗਰੋਂ
ਹੋਂਦ ਵਿਚ ਆਇਆ
ਇੱਸ ਬ੍ਰਹਿਮੰਡ ਦੀ
ਸਿਰਜਣਾ ਉਪਰੰਤ।
ਫਿਰ ਕੌਣ ਜਾਣਦਾ ਹੈ
ਕਦੋਂ ਇਹ
ਪ੍ਰਗਟ ਹੋਇਆ।
ਕੀ ਈਸ਼ਵਰ ਦੀ ਇੱਛਾ ਨਾਲ
ਇਹ ਸਿਰਜਣਾ ਹੋਈ
ਜਾਂ ਉਹ ਖਾਮੋਸ਼ (ਨਿਸ਼ਕ੍ਰਿਆ) ਸੀ
ਸ਼ਾਇਦ ਇਹ
ਆਪਣੇ ਆਪ ਹੀ
ਸਿਰਜਿਆ ਗਿਆ।
ਜਾਂ ਸ਼ਾਇਦ ਨਹੀਂ।
ਸਿਰਫ
ਇਸ ਅਨੰਤ ਪਸਾਰ ਵਿੱਚ
ਇਸ ਦਾ ਦ੍ਰਸ਼ਟਾ ਜਾਣਦਾ ਹੈ।
ਸਿਰਫ ਉਹ ਹੀ ਜਾਣਦਾ ਹੈ।
ਜਾਂ ਸ਼ਾਇਦ ਉਹ ਵੀ
ਨਹੀਂ ਜਾਣਦਾ।

Rigveda 10:129 (abrigd, ts karmar/chirtion)
this is one of the roots of the samakhya school
of (Indian) philosphy- wikipedia
Translatiom- Darshan singh “Boparai”